




# ਪੰਜਾਬੀ ਵਿਚ ਲੋਕਚਿਕਿਤਸਾ ਦਾ ਅਧਿਐਨ:
## ਪਰੰਪਰਾ ਤੇ ਸਮਕਾਲ

ਲੋਕਚਿਕਿਤਸਾ ਦਾ ਖੇਤਰ ਪੰਜਾਬੀ ਲੋਕਧਾਰਾ ਅਧਿਐਨ ਵਿਚ ਖੋਜ ਦਾ ਮੁਕਾਬਲਤਨ ਨਵਾਂ ਖੇਤਰ ਹੈ। ਇਹ 'ਲੋਕ ਜੀਵਨ' (folk life) ਦੇ ਤਮਾਮ ਪੱਖਾਂ ਵਿਚੋਂ ਇਕ ਮਹੱਤਵਪੂਰਨ ਪੱਖ ਹੈ। ਪੰਜਾਬੀ ਲੋਕਧਾਰਾ ਅਧਿਐਨ ਦਾ ਮੁਲਾਂਕਣ ਕਰਦਿਆਂ ਸੁਤੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਪੰਜਾਬੀ ਲੋਕਧਾਰਾ ਦੇ ਬਾਕੀ ਖੇਤਰਾਂ ਦੇ ਮੁਕਾਬਲਤਨ ਲੋਕਚਿਕਿਤਸਾ ਉੱਪਰ ਘੱਟ ਖੋਜ ਹੋਈ ਹੈ।

ਲੋਕਚਿਕਿਤਸਾ ਬਾਬਤ ਪਹਿਲਾਂ ਵਰਣਿਤ ਮੁੱਢਲੇ ਸਵਾਲਾਂ ਦੇ ਸੰਦਰਭ ਵਿਚ ਜਦੋਂ ਅਸੀਂ ਪੰਜਾਬੀ ਖੋਜ ਦੇ ਵਿਕਾਸ ਕ੍ਰਮ ਨੂੰ ਦੇਖਦੇ ਹਾਂ ਤਾਂ ਸਾਡੇ ਸਾਹਮਣੇ ਲੋਕ ਚਿਕਿਤਸਾ ਦਾ ਲਗਭਗ ਅਣ-ਘੋਖਿਆ ਤੇ ਅਣ-ਪੜਤਾਲਿਆ ਵਿਸ਼ਾਲ ਖੇਤਰ ਆਉਂਦਾ ਹੈ। ਅਜਿਹੇ ਵਿਚ ਬਹੁ-ਪੱਖੀ ਤੇ ਬਹੁ-ਪਾਸਾਰੀ ਖੋਜ ਦਾ ਤਾਂ ਲਗਭਗ ਅਭਾਵ ਹੀ ਹੈ। ਇਸ ਕਾਰਜ ਦੀ ਵੀ ਅੱਗੇ ਦੋ ਭਾਗਾਂ ਵਿਚ ਵੰਡ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿਚੋਂ ਇਕ ਕਿਸਮ ਦੇ ਖੋਜ-ਕਾਰਜ ਉਹ ਹਨ ਜਿਨ੍ਹਾਂ ਵਿਚ ਲੋਕਚਿਕਿਤਸਾ ਦਾ ਅਧਿਐਨ ਕਿਸੇ ਵਿਧੀਵਤ ਢੰਗ ਨਾਲ ਕੀਤਾ ਗਿਆ ਹੈ ਅਤੇ ਪੰਜਾਬੀ ਲੋਕ-ਮਾਨਸਿਕਤਾ, ਸਮਾਜ ਅਤੇ ਸਭਿਆਚਾਰ ਦੀਆਂ ਗੰਭੀਰ ਸਮੱਸਿਆਵਾਂ ਨੂੰ ਸੰਬੋਧਿਤ ਹੋਇਆ ਗਿਆ ਹੈ।' ਇਨ੍ਹਾਂ ਵਿਚ ਦੂਜੀ ਕਿਸਮ ਦੇ ਖੋਜ-ਕਾਰਜ ਉਹ ਹਨ ਜਿਨ੍ਹਾਂ ਵਿਚ ਆਮ ਕਰਕੇ ਪਹਿਲੇ ਖੋਜ-ਕਾਰਜਾਂ ਦਾ ਦੁਹਰਾਅ ਹੈ। ਅਜਿਹੇ ਖੋਜ-ਕਾਰਜਾਂ ਵਿਚ ਸਿਧਾਂਤਕ ਸਪੱਸ਼ਟਤਾ, ਸਮਝ ਅਤੇ ਵਿਧੀਵਧਤਾ ਦੀ ਘਾਟ ਹੈ ਅਤੇ ਸਮੱਗਰੀ ਦਾ ਕੇਵਲ ਇਕੱਤਰੀਕਰਨ ਤੇ ਪ੍ਰਦਰਸ਼ਨੀਕਰਨ ਕੀਤਾ ਗਿਆ ਹੈ।' ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਲੋਕਧਾਰਾ ਅਧਿਐਨ ਅੰਦਰ ਲੋਕਚਿਕਿਤਸਾ ਦਾ ਅਧਿਐਨ ਇਕਸਾਰ ਨਹੀਂ ਚੱਲਦਾ ਸਗੋਂ ਇਸਦੀਆਂ ਇਕ ਤੋਂ ਵਧੇਰੇ ਪਰਤਾਂ ਹਨ।

ਪੰਜਾਬੀ ਵਿਚ ਲੋਕਚਿਕਿਤਸਾ ਅਧਿਐਨ ਸਬੰਧੀ ਪ੍ਰਾਪਤ ਖੋਜ ਸਮੱਗਰੀ ਨੂੰ ਮੁੱਖ ਤੌਰ 'ਤੇ ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ ਖੋਜ-ਕਾਰਜਾਂ ਵਿਚ ਵੰਡਿਆ ਜਾ ਸਕਦਾ ਹੈ। ਇੱਥੇ ਪ੍ਰਕਾਸ਼ਿਤ ਖੋਜ-ਕਾਰਜਾਂ ਦੇ ਸੰਦਰਭ ਵਿਚ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਅਜਿਹੇ ਵਧੇਰੇ ਖੋਜ-ਕਾਰਜਾਂ ਦੀ ਪ੍ਰਕਿਰਤੀ ਉਪਾਧੀ ਸਾਪੇਖ ਖੋਜ-ਕਾਰਜ ਵਾਲੀ ਹੈ। ਇਸਦਾ ਭਾਵ ਹੈ ਕਿ ਇਹ ਤਕਰੀਬਨ ਸਾਰਾ ਖੋਜ-ਕਾਰਜ ਉਪਾਧੀ ਸਾਪੇਖ ਖੋਜ-ਕਾਰਜ ਹੈ ਜਿਹੜਾ ਬਾਅਦ ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਵਾ ਦਿੱਤਾ ਗਿਆ। ਇਸਤੋਂ ਇਲਾਵਾ ਪੰਜਾਬੀ ਵਿਚ ਲੋਕਚਿਕਿਤਸਾ ਦੇ ਸਬੰਧ ਵਿਚ ਉਪਾਧੀ ਨਿਰਪੇਖ ਖੋਜ-ਕਾਰਜ ਦੀ ਤਕਰੀਬਨ ਅਣਹੋਂਦ ਹੈ। ਪੰਜਾਬੀ ਲੋਕਧਾਰਾ ਅਧਿਐਨ ਅੰਦਰ ਲੋਕਚਿਕਿਤਸਾ ਬਾਰੇ ਖੋਜ-ਪ੍ਰਬੰਧ, ਖੋਜ-ਨਿਬੰਧ ਅਤੇ ਖੋਜ-ਪਰਚੇ ਭਾਵ ਤਿੰਨ ਤਰ੍ਹਾਂ ਦੇ ਖੋਜ-ਕਾਰਜ ਪ੍ਰਾਪਤ ਹੁੰਦੇ ਹਨ। ਇਨ੍ਹਾਂ ਖੋਜ-ਕਾਰਜਾਂ ਨੂੰ ਇਤਿਹਾਸਕ ਕਾਲਕ੍ਰਮ ਅਨੁਸਾਰ ਅਧਿਐਨ



**ਗੁਰਦੇਵ ਸਿੰਘ**
ਖੋਜਾਰਥੀ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ
94630-08380
gurdev251188
@gmail.com

ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਇਤਿਹਾਸਕ ਪਰਿਪੇਖ ਅਧੀਨ ਅਸੀਂ ਪੰਜਾਬੀ ਵਿਚ ਲੋਕਚਿਕਿਤਸਾ ਸਬੰਧੀ ਪ੍ਰਾਪਤ ਖੋਜ ਦੇ ਤਿੰਨ ਪੜਾਅ ਮਿੱਥ ਸਕਦੇ ਹਾਂ।

1. ਇਨ੍ਹਾਂ ਵਿਚੋਂ ਪਹਿਲਾ ਮੁੱਢਲੀਆਂ ਧਾਰਨਾਵਾਂ ਅਤੇ ਜਾਣ-ਪਛਾਣ ਦਾ ਪੜਾਅ ਕਿਹਾ ਜਾ ਸਕਦਾ ਹੈ ਜਿਸ ਵਿਚ ਡਾ. ਕਰਨੈਲ ਸਿੰਘ ਥਿੰਦ, ਡਾ. ਗਿਆਨ ਸਿੰਘ, ਡਾ. ਨਾਹਰ ਸਿੰਘ ਦੇ ਨਾਮ ਲਏ ਜਾ ਸਕਦੇ ਹਨ। ਇਨ੍ਹਾਂ ਵਿਚੋਂ ਡਾ. ਗੁਰਮੀਤ ਅਤੇ ਡਾ. ਨਾਹਰ ਸਿੰਘ ਦੇ ਖੋਜ-ਕਾਰਜਾਂ ਵਿਚ ਲੋਕਚਿਕਿਤਸਾ ਬਾਬਤ ਕੇਵਲ ਵੇਰਵੇ ਮਿਲਦੇ ਹਨ ਜਦੋਂ ਕਿ ਗਿਆਨ ਸਿੰਘ ਦੇ ਖੋਜ ਪਰਚੇ ਵਿਚ ਮੁੱਢਲੇ ਸਿਧਾਂਤਕ ਚੌਖਟੇ ਦੀਆਂ ਕਨਸੋਆਂ ਪ੍ਰਾਪਤ ਹੁੰਦੀਆਂ ਹਨ।
2. ਇਸ ਤੋਂ ਬਾਅਦ ਅਗਲਾ ਪੜਾਅ ਡਾ. ਗੁਰਮੀਤ ਸਿੰਘ ਦੇ ਖੋਜ-ਕਾਰਜ ਨਾਲ ਸ਼ੁਰੂ ਹੁੰਦਾ ਹੈ। ਇਸ ਪੜਾਅ ਉੱਪਰ ਪੰਜਾਬੀ ਲੋਕਧਾਰਾ ਅਧਿਐਨ ਅੰਦਰ ਲੋਕਚਿਕਿਤਸਾ ਅਧਿਐਨ ਦੇ ਮਹੱਤਵਪੂਰਨ ਤੇ ਸੁਤੰਤਰ ਖੇਤਰ ਵਜੋਂ ਸਥਾਪਿਤ ਹੁੰਦਾ ਹੈ।
3. ਇਸ ਪ੍ਰਸੰਗ ਵਿਚ ਤੀਜਾ ਪੜਾਅ ਡਾ. ਗੁਰਮੀਤ ਸਿੰਘ ਦੇ ਖੋਜ-ਕਾਰਜ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਤੇ ਹੁਣ ਤਕ ਜਾਰੀ ਹੈ। ਇਸ ਪੜਾਅ ਉੱਪਰ ਲੋਕਚਿਕਿਤਸਾ ਬਾਬਤ ਦੋ ਤਰ੍ਹਾਂ ਦਾ ਅਧਿਐਨ ਪ੍ਰਾਪਤ ਹੁੰਦਾ ਜਿਸ ਵਿਚ ਕੁਝ ਉਪਾਧੀ ਸਾਪੇਖ ਅਧਿਐਨ ਲੋਕਚਿਕਿਤਸਾ ਦੇ ਵੱਖ-ਵੱਖ ਪੱਖਾਂ ਦੇ ਸੁਤੰਤਰ ਅਧਿਐਨ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ ਅਤੇ ਕੁਝ ਅਧਿਐਨਾਂ ਵਿਚ ਲੋਕਚਿਕਿਤਸਾ ਦਾ ਅਧਿਐਨ ਲੋਕਧਾਰਾ ਦੀ ਕਿਸੇ ਹੋਰ ਵੰਨਗੀ ਨਾਲ ਜੁੜਕੇ ਜਾਂ ਪ੍ਰਸੰਗ ਵਿਚ ਕੀਤਾ ਪ੍ਰਾਪਤ ਹੁੰਦਾ ਹੈ।

ਪੰਜਾਬੀ ਲੋਕਚਿਕਿਤਸਾ ਦੇ ਅਧਿਐਨ ਦੇ ਸਬੰਧ ਵਿਚ ਪਹਿਲਾ ਮਹੱਤਵਪੂਰਨ ਹਵਾਲਾ ਡਾ. ਕਰਨੈਲ ਸਿੰਘ ਥਿੰਦ ਦੁਆਰਾ ਕੀਤੇ ਪੀਐੱਚ.ਡੀ. ਦੇ ਖੋਜ-ਕਾਰਜ ਵਿਚ ਪ੍ਰਾਪਤ ਹੁੰਦਾ ਹੈ। ਡਾ. ਥਿੰਦ **'ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ'** (1973) ਵਿਚ ਲੋਕ ਲੋਕਚਿਕਿਤਸਾ ਬਾਰੇ ਚਰਚਾ ਕਰਦੇ ਲਿਖਦੇ ਹਨ ਕਿ 'ਜਿਸ ਪ੍ਰਕਾਰ ਅਨੁਸ਼ਠਾਨਾਂ ਨਾਲ ਜੁੜੇ ਹੋਏ ਵਿਸ਼ਵਾਸ਼ਾਂ ਨੇ ਲੋਕ-ਧਰਮ ਨੂੰ ਹੋਂਦ ਵਿਚ ਲਿਆਂਦਾ, ਠੀਕ ਉਸੇ ਤਰ੍ਹਾਂ ਜਾਦੂ ਟੂਣਿਆਂ, ਧਾਗੇ ਤਵੀਤਾਂ, ਜੰਤਰਾਂ ਮੰਤਰਾਂ ਅਤੇ ਟੋਟਕਿਆਂ ਨੇ ਲੋਕ ਚਿਕਿਤਸਾ ਨੂੰ ਜਨਮ ਦਿੱਤਾ। ਹਰ ਪ੍ਰਕਾਰ ਦੇ ਰੋਗਾਂ ਦੇ ਇਲਾਜ ਲੋਕ ਵਿਦਿਆ ਦੇ ਸ਼ਫ਼ਾਖਾਨੇ ਵਿਚੋਂ ਢੂੰਡਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।'[1] ਇਸ ਤਰ੍ਹਾਂ ਸਪੱਸ਼ਟ ਹੈ ਕਿ ਡਾ. ਥਿੰਦ ਲਈ ਲੋਕਚਿਕਿਤਸਾ ਦਾ ਅਰਥ ਕੇਵਲ ਜੰਤਰ-ਮੰਤਰ ਭਾਵ ਵਿਸ਼ਵਾਸ ਨਾਲ ਜੁੜੀ ਲੋਕਚਿਕਿਤਸਾ ਪੱਧਤੀ ਹੈ। ਹੁਣ ਤੱਕ ਪ੍ਰਾਪਤ ਸਮੱਗਰੀ ਦੇ ਆਧਾਰ 'ਤੇ ਪੰਜਾਬੀ ਲੋਕਧਾਰਾ ਅਧਿਐਨ ਦੇ ਪ੍ਰਸੰਗ ਵਿਚ ਲੋਕਚਿਕਿਤਸਾ ਬਾਰੇ ਗੱਲ ਕਰਨ ਵਾਲੇ ਡਾ. ਕਰਨੈਲ ਸਿੰਘ ਥਿੰਦ ਪਹਿਲੇ ਵਿਦਵਾਨ ਹਨ ਜਿਨ੍ਹਾਂ ਨੇ ਮੱਧਕਾਲੀਨ ਪੰਜਾਬੀ ਸਾਹਿਤ ਦੇ ਅੰਤਰਗਤ ਲੋਕਚਿਕਿਤਸਾ ਦੀ ਧੁਨ ਨੂੰ ਪਛਾਣਿਆ ਅਤੇ ਅਕਾਦਮਿਕਤਾ ਦੇ ਖੇਤਰ ਵਿਚ ਪਹਿਲੀ ਵਾਰ ਇਸ ਖੇਤਰ ਦੀ ਜਾਣ-ਪਛਾਣ ਕਰਵਾਈ। ਡਾ. ਥਿੰਦ ਤੋਂ ਬਾਅਦ ਅਕਾਦਮਿਕ ਹਲਕਿਆਂ ਵਿਚ ਲੋਕਚਿਕਿਤਸਾ ਬਾਰੇ ਵਿਚਾਰ ਅੱਗੇ ਤੁਰਦਾ ਹੈ।

ਡਾ. ਥਿੰਦ ਤੋਂ ਬਾਅਦ ਪੰਜਾਬੀ ਲੋਕਧਾਰਾ ਅਧਿਐਨ ਅੰਦਰ ਲੋਕਚਿਕਿਤਸਾ ਬਾਰੇ ਡਾ. ਗਿਆਨ ਸਿੰਘ ਦਾ ਲਿਖਿਆ ਇਕ ਖੋਜ-ਪੱਤਰ ਪ੍ਰਾਪਤ ਹੁੰਦਾ ਹੈ ਜਿਸਦਾ ਵਿਸ਼ਾ 'ਲੋਕ ਦੁਆ-ਦਾਰੂ' ਹੈ।[2] ਡਾ. ਗਿਆਨ ਸਿੰਘ ਨੇ ਲੋਕਚਿਕਿਤਸਾ ਲਈ 'ਲੋਕ ਦੁਆ-ਦਾਰੂ' ਸ਼ਬਦ ਵਰਤਿਆ ਹੈ। ਉਨ੍ਹਾਂ ਨੇ ਲੋਕਚਿਕਿਤਸਾ ਨੂੰ ਮੁੱਢਲੀ ਸਹਾਇਤਾ ਦੇ ਤੁਲ ਕਿਹਾ ਹੈ। ਖੋਜ ਦੇ ਸੰਦਰਭ ਵਿਚ ਇਹ ਪਰਚਾ ਮੁੱਢਲੇ ਯਤਨਾ ਵਿਚੋਂ ਇਕ ਹੈ ਜਿਨ੍ਹਾਂ ਨੇ ਇਸ ਖੇਤਰ ਵਿਚ ਕੰਮ ਕਰਨ ਦਾ ਆਧਾਰ ਤਿਆਰ ਕੀਤਾ ਭਾਵੇਂ ਇਸ ਖੋਜ ਪੱਤਰ ਵਿਚ ਡਾ. ਗੁਰਮੀਤ ਦੇ ਕਹਿਣ ਅਨੁਸਾਰ ਬਹੁਤ ਸਾਧਾਰਨ ਕਿਸਮ ਦੀਆਂ ਗੱਲਾਂ ਹਨ ਪਰੰਤੂ ਇਹ ਸਹਿਜ ਸੂਝ ਵਾਲੀਆਂ ਗੱਲਾਂ ਬਹੁਤ ਕੀਮਤੀ ਹਨ ਜੋ ਸੰਖੇਪ ਰੂਪ ਦੇ ਵਿਚ ਲੋਕਚਿਕਿਤਸਾ ਅਤੇ ਉਸਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੀਆਂ ਹਨ। ਇਸ ਖੋਜ ਪੱਤਰ ਵਿਚ ਡਾ. ਗਿਆਨ ਸਿੰਘ ਨੇ ਪੰਜਾਬੀ ਲੋਕ ਜੀਵਨ ਵਿਚ ਰੋਗ ਨਿਵਾਰਨ ਦੀਆਂ ਵੱਖ-ਵੱਖ ਵਿਧੀਆਂ ਦਾ ਵਰਨਣ ਕੀਤਾ ਹੈ। ਇਨ੍ਹਾਂ ਵਿਧੀਆਂ ਵਿਚ ਉਸਨੇ ਖਾਣ ਵਾਲੇ ਪਦਾਰਥਾਂ ਤੋਂ ਬਿਨਾ ਇਲਾਜ ਲਈ ਸਿੰਗੀਆਂ, ਫੋਕੀਆਂ, ਲੇਪ, ਜੋਕਾਂ, ਜਾਦੂ-ਟੂਣੇ[3] ਆਦਿ ਦੀ ਵਰਤੋਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਡਾ. ਗਿਆਨ ਸਿੰਘ ਦੇ ਸ਼ਬਦਾਂ ਵਿਚ :

> ਜਾਨਵਰ ਅਤੇ ਬੂਟੇ ਮਨੁੱਖ ਦੇ ਸ਼ੁਰੂ ਤੋਂ ਹੀ ਸਾਥੀ ਰਹੇ ਹਨ। ਪਸ਼ੂਆਂ ਉਤੇ ਬੂਟਿਆਂ ਦੇ ਅਸਰ ਨੂੰ ਉਹ (ਮਨੁੱਖ) ਸ਼ੁਰੂ ਤੋਂ ਹੀ ਦੇਖਦਾ ਆ ਰਿਹਾ ਹੈ। ਕਿਸੇ ਬੂਟੇ ਨੂੰ ਖਾਣ ਨਾਲ ਪਸ਼ੂਆਂ ਉੱਤੇ ਹੋਏ

ਅਸਰ ਨੂੰ ਮਨੁੱਖ ਨੇ ਰੇਸ਼ਨਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸੇ ਤਰ੍ਹਾਂ ਹੀ ਅਚੇਤ ਜਾਂ ਸੁਚੇਤ ਰੂਪ ਵਿਚ ਬਨਸਪਤੀ ਖਾਣ ਜਾਂ ਛੋਹਣ ਦਾ ਅਸਰ ਵੀ ਆਪਣੇ ਉਪਰ ਦੇਖਿਆ।'[4]

ਇਸ ਤਰ੍ਹਾਂ ਇਹ ਖੋਜ ਪੱਤਰ ਪੰਜਾਬੀ ਲੋਕਧਾਰਾ ਅਧਿਐਨ ਵਿਚ ਲੋਕਚਿਕਿਤਸਾ ਦੇ ਸਿਧਾਂਤਕ ਪਰਿਪੇਖ ਨੂੰ ਉਸਾਰਨ ਦਾ ਮੁੱਢਲਾ ਯਤਨ ਕਿਹਾ ਜਾ ਸਕਦਾ ਹੈ। ਇਸ ਖੋਜ ਪੱਤਰ ਵਿਚ ਮਨੁੱਖ ਦਾ ਕੁਦਰਤ ਤੇ ਜੀਵ-ਜੰਤੂਆਂ ਨਾਲ ਸਬੰਧ ਤੇ ਇਨ੍ਹਾਂ ਸਬੰਧਾਂ ਵਿਚੋਂ ਲੋਕਚਿਕਿਤਸਾ ਨੂੰ ਹੋਂਦ ਵਿਚ ਆਉਂਦਿਆਂ ਚਿਤਵਿਆ ਹੈ। ਡਾ. ਗਿਆਨ ਸਿੰਘ ਦੇ ਇਸ ਖੋਜ ਪੱਤਰ ਨੂੰ ਮੁੱਢਲੇ ਯਤਨ ਦੇ ਤੌਰ 'ਤੇ ਚੰਗਾ ਉੱਦਮ ਕਿਹਾ ਜਾ ਸਕਦਾ ਹੈ।

ਇਸ ਤੋਂ ਬਾਅਦ 1980 ਵਿਚ ਡਾ. ਗੁਰਮੀਤ ਸਿੰਘ ਦਾ 'ਪਰੰਪਰਾ' ਰਸਾਲੇ ਵਿਚ ਹੀ ਛਪਿਆ ਇਕ ਖੋਜ ਪੱਤਰ 'ਪੰਜਾਬੀ ਲੋਕ ਚਿਕਿਤਸਾ' ਪ੍ਰਾਪਤ ਹੁੰਦਾ ਹੈ। ਇਸ ਪਰਚੇ ਦਾ ਅਧਿਐਨ ਅੱਗੇ ਕੀਤਾ ਜਾਵੇਗਾ ਕਿਉਂਕਿ ਉਨ੍ਹਾਂ ਦੁਆਰਾ ਕੀਤੀ ਸਮੁੱਚੀ ਲੋਕ-ਚਿਕਿਤਸਾ ਸਬੰਧੀ ਖੋਜ ਨੂੰ ਇਕ ਥਾਂ 'ਤੇ ਵਿਚਾਰਿਆ ਗਿਆ ਹੈ।

ਲੋਕਚਿਕਿਤਸਾ ਦੇ ਸਬੰਧ ਵਿਚ ਡਾ. ਨਾਹਰ ਸਿੰਘ ਨੇ **'ਲੋਕ ਕਾਵਿ ਦੀ ਸਿਰਜਨ-ਪ੍ਰਕਿਰਿਆ'** (ਮਲਵਈ ਲੋਕ-ਕਾਵਿ ਰੂਪਾਂ ਦੇ ਸੰਦਰਭ ਵਿਚ) ਕਿਤਾਬ ਵਿਚ ਲੋਕਚਿਕਿਤਸਾ ਸਬੰਧੀ ਪਿੰਡ ਦੇ ਡੇਰੇ ਜਾਂ ਡੇਰੇ ਦੇ ਸਾਧ ਨੂੰ ਮਲਵਈ ਜੀਵਨ ਦਾ ਧੁਰਾ ਮੰਨਿਆ ਹੈ। ਉਹ ਡੇਰੇ ਬਾਰੇ ਲਿਖਦੇ ਹਨ ਕਿ 'ਇਹ ਸਥਾਨ ਆਮ ਹੁੰਦਾ ਹੋਇਆ ਖਾਸ ਵੀ ਹੈ ਅਤੇ ਵਿਸ਼ੇਸ਼ ਵੀ ਕਿਉਂਕਿ ਪਿੰਡ ਲਈ ਵੈਦ, ਸਿਆਣਾ ਤੇ ਹਕੀਮ ਸਭੋ ਕੁਝ ਹੀ ਪਿੰਡ ਦੇ ਡੇਰੇ ਦਾ ਸਾਧ ਹੁੰਦਾ ਹੈ।'[5] ਡਾ. ਨਾਹਰ ਸਿੰਘ ਦੀ ਇਹ ਧਾਰਨਾ ਮਲਵਈ ਅਨੁਭਵ ਅਤੇ ਮਲਵਈ ਲੋਕ-ਜੀਵਨ ਦੀ ਸਮਝ ਵਿਚੋਂ ਆਉਂਦੀ ਹੈ। ਮਾਲਵੇ ਦੇ ਪ੍ਰਸੰਗ ਵਿਚ ਜਦੋਂ ਲੋਕਚਿਕਿਤਸਾ ਨੂੰ ਦੇਖਦੇ ਹਾਂ ਤਾਂ ਸਮਝ ਵਿਚ ਆਉਂਦਾ ਹੈ ਕਿ ਇਥੋਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਕੁਝ ਵਿਸ਼ੇਸ਼ ਥਾਵਾਂ/ਸੰਸਥਾਵਾਂ ਹਨ ਜੋ ਸਿੱਧੇ ਜਾਂ ਅਸਿੱਧੇ ਢੰਗ ਰਾਹੀਂ ਲੋਕਾਂ ਨਾਲ ਬਹੁਤ ਨੇੜੇ ਤੋਂ ਜੁੜੀਆਂ ਹੋਈਆਂ ਹਨ। ਇਨ੍ਹਾਂ ਥਾਵਾਂ ਜਾਂ ਸੰਸਥਾਵਾਂ ਦੀਆਂ ਜੜ੍ਹਾਂ ਲੋਕ ਜੀਵਨ ਵਿਚ ਬਹੁਤ ਗਹਿਰੀਆਂ ਹਨ। ਪੰਜਾਬ ਦੇ ਮਾਲਵੇ ਖੇਤਰ ਵਿਚ ਵਿਸ਼ਿਸ਼ਟ ਧਰਮ ਦਾ ਪ੍ਰਭਾਵ ਮਾਝੇ ਜਾਂ ਦੁਆਬੇ ਖੇਤਰ ਵਾਂਗ ਨਹੀਂ ਰਿਹਾ। ਇਸਦੇ ਬਹੁਤ ਸਾਰੇ ਇਤਿਹਾਸਕ, ਭੂਗੋਲਿਕ, ਸਭਿਆਚਾਰਕ ਅਤੇ ਰਾਜਨੀਤਕ ਕਾਰਨ ਹਨ ਜਿਨ੍ਹਾਂ ਬਾਰੇ ਇੱਥੇ ਚਰਚਾ ਸੰਭਵ ਨਹੀਂ ਹੈ। ਲੇਕਿਨ ਸੰਖੇਪ ਵਿਚ ਇੰਨਾ ਕਿਹਾ ਜਾ ਸਕਦਾ ਹੈ ਕਿ ਮਾਲਵੇ ਦੇ ਲੋਕਾਂ ਦਾ ਕਿਸੇ ਵਿਸ਼ਿਸ਼ਟ ਧਰਮ ਦੇ ਮੁਕਾਬਲੇ ਡੇਰਿਆਂ/ਲੋਕ ਧਰਮ ਵੱਲ ਵਧੇਰੇ ਰੁਝਾਨ ਰਿਹਾ ਹੈ। ਪੰਜਾਬ ਦੀ ਸਥਾਨਕਤਾ ਅਤੇ ਸਮੂਹਿਕਤਾ ਦੇ ਪ੍ਰਸੰਗ ਵਿਚ ਡਾ. ਨਾਹਰ ਸਿੰਘ ਦੀ ਇਹ ਧਾਰਨਾ ਮੁੱਲਵਾਨ ਹੈ ਜਿਸਤੋਂ ਲੋਕਧਾਰਾ, ਲੋਕਧਰਮ ਅਤੇ ਲੋਕਚਿਕਿਤਸਾ ਵਿਚ ਵਿਭਿੰਨਤਾਵਾਂ ਦੇ ਮਹੱਤਵ ਦਾ ਪਤਾ ਲੱਗਦਾ ਹੈ।

ਇਨ੍ਹਾਂ ਮੁੱਢਲੇ ਖੋਜ-ਕਾਰਜਾਂ ਤੋਂ ਉਪਰੰਤ ਲੋਕਚਿਕਿਤਸਾ ਸਬੰਧੀ ਹੋਏ ਖੋਜ-ਕਾਰਜਾਂ ਵਿਚੋਂ ਡਾ. ਗੁਰਮੀਤ ਸਿੰਘ ਦਾ ਕੰਮ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਜਿਸਦਾ ਵਿਸ਼ਾ '**ਲੋਕ ਚਿਕਿਤਸਾ** (ਜਿਲ੍ਹਾ ਗੁਰਦਾਸਪੁਰ ਅਤੇ ਅੰਮ੍ਰਿਤਸਰ 'ਤੇ ਆਧਾਰਿਤ), (1985) ਹੈ। ਪੰਜਾਬੀ ਲੋਕਧਾਰਾ ਅਧਿਐਨ ਦੇ ਪ੍ਰਸੰਗ ਵਿਚ ਖੋਜ ਦੀ ਦ੍ਰਿਸ਼ਟੀ ਤੋਂ ਲੋਕਚਿਕਿਤਸਾ ਬਾਬਤ ਇਹ ਪਹਿਲਾ ਮਿਆਰੀ ਕਿਸਮ ਦਾ ਖੋਜ-ਕਾਰਜ ਹੈ। ਡਾ. ਗੁਰਮੀਤ ਦੇ ਇਸ ਖੋਜ-ਕਾਰਜ ਨਾਲ ਪੰਜਾਬੀ ਲੋਕਧਾਰਾ ਅਤੇ ਪੰਜਾਬ ਦੇ ਲੋਕ ਧਰਮ ਦੇ ਨਾਲ-ਨਾਲ ਪੰਜਾਬ ਦੀ ਲੋਕਚਿਕਿਤਸਾ ਦੇ ਅਧਿਐਨ ਲਈ ਵੀ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਡਾ. ਗੁਰਮੀਤ ਆਪਣੇ ਖੋਜ-ਕਾਰਜ ਵਿਚ ਲੋਕਚਿਕਿਤਸਾ ਅਤੇ ਪੰਜਾਬ ਦੀ ਲੋਕਚਿਕਿਤਸਾ ਦਾ ਬਹੁਤ ਹੀ ਗੰਭੀਰ ਅਧਿਐਨ ਪੇਸ਼ ਕਰਦੇ ਹਨ। ਉਹ ਲੋਕਚਿਕਿਤਸਾ ਦੇ ਵੱਖ-ਵੱਖ ਅੰਗਾਂ, ਉਪ-ਅੰਗਾਂ, ਵਰਤਾਰਿਆਂ ਤੇ ਵਿਧੀਆਂ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਉਂਦੇ ਹਨ। ਡਾ. ਗੁਰਮੀਤ ਦੇ ਖੋਜ-ਕਾਰਜ ਦੀ ਮਹੱਤਤਾ ਇਸ ਕਰਕੇ ਵੀ ਹੈ ਕਿ ਇਹ ਖੋਜ-ਕਾਰਜ ਪੰਜਾਬੀ ਲੋਕਧਾਰਾ ਅਧਿਐਨ ਅੰਦਰ ਲੋਕਚਿਕਿਤਸਾ ਬਾਰੇ ਪੂਰਵ-ਪ੍ਰਚੱਲਿਤ ਧਾਰਨਾਵਾਂ ਨੂੰ ਤੋੜਦਾ ਹੈ ਜੋ ਲੋਕਚਿਕਿਤਸਾ ਨੂੰ ਅਤਾਰਕਿਕ, ਅਵਿਗਿਆਨਕ, ਪੁਰਾਣਾ, ਪੱਛੜਿਆ ਆਦਿ ਸਥਾਪਿਤ ਕਰਦੀਆਂ ਸਨ। ਇਸ ਤਰ੍ਹਾਂ ਡਾ. ਗੁਰਮੀਤ ਦੇ ਖੋਜ-ਕਾਰਜ ਨਾਲ ਪੰਜਾਬੀ ਲੋਕਚਿਕਿਤਸਾ ਦਾ ਅਧਿਐਨ ਸਰਲ ਤੇ ਸਤਹੀ ਵਿਆਖਿਆ, ਧੁੰਦਲੇਪਨ ਤੇ ਅਸਪਸ਼ਟਤਾ ਵਿਚੋਂ ਬਾਹਰ ਆ ਕੇ ਵੱਖ-ਵੱਖ ਅਨੁਸ਼ਾਸ਼ਨਾਂ ਜਿਵੇਂ ਕਿ ਮਾਨਵ-ਵਿਗਿਆਨ, ਮਨੋਵਿਗਿਆਨ, ਭੂਗੋਲ, ਇਤਿਹਾਸ ਆਦਿ ਦੇ ਸੰਦਰਭ ਵਿਚ ਨਵੇਂ ਅਰਥ ਗ੍ਰਹਿਣ ਕਰਦਾ ਹੈ।

ਇਸ ਤਰ੍ਹਾਂ ਡਾ. ਗੁਰਮੀਤ ਦਾ ਖੋਜ-ਕਾਰਜ ਪੰਜਾਬੀ ਲੋਕਚਿਕਿਤਸਾ ਦੀ ਖੋਜ ਅਤੇ ਅਧਿਐਨ ਦੇ ਪ੍ਰਸੰਗ ਵਿਚ ਬਹੁਤ ਹੀ ਮਹੱਤਵਪੂਰਨ ਸਾਬਿਤ ਹੁੰਦਾ ਹੈ ਜੋ ਇਸ ਖੇਤਰ ਨੂੰ ਨਵੀਆਂ ਸੰਭਾਵਨਾਵਾਂ ਦੇ ਰੂ-ਬਰੂ ਕਰਦਾ ਹੈ। ਲੇਕਿਨ ਡਾ. ਗੁਰਮੀਤ ਸਿੰਘ ਦੇ ਖੋਜ-ਕਾਰਜ ਦਾ ਸਮਕਾਲੀ ਪੰਜਾਬੀ ਲੋਕਧਾਰਾ, ਲੋਕਧਰਮ ਅਤੇ

ਲੋਕਚਿਕਿਤਸਾ ਅਧਿਐਨ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕਰਨ ਉਪਰੰਤ ਇਸਦੀਆਂ ਕੁਝ ਸੀਮਾਵਾਂ ਵੀ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਵਿਚੋਂ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਸੀਮਾ ਡਾ. ਗੁਰਮੀਤ ਸਿੰਘ ਦਾ ਲੋਕਚਿਕਿਤਸਾ ਨੂੰ ਨਿਰੋਲ ਪਰੰਪਰਾ ਨਾਲ ਸੰਬੰਧਿਤ ਕਰਨਾ ਹੈ। ਉਨ੍ਹਾਂ ਨੇ ਆਪਣੇ ਖੋਜ-ਕਾਰਜ ਵਿਚ ਧਾਰਨਾ ਦਿੱਤੀ ਹੈ ਕਿ :

> ਲੋਕ ਚਿਕਿਤਸਾ ਦਾ ਸਬੰਧ ਉਨ੍ਹਾਂ ਪਰੰਪਰਾਗਤ ਇਲਾਜ ਵਿਧੀਆਂ ਨਾਲ ਹੈ ਜਿਨ੍ਹਾਂ ਨੂੰ ਲੋਕ ਬੀਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਵਰਤਦੇ ਹਨ। ਇਸ ਵਿਚ ਜਾਦੂ-ਟੂਣੇ, ਜੰਤਰ-ਮੰਤਰ, ਧਾਗੇ-ਤਵੀਤ, ਝਾੜ-ਫੂਕ ਅਤੇ ਧਾਰਮਿਕ ਵਿਸ਼ਵਾਸ਼ਾ ਤੇ ਰ�hu-ਰੀਤਾਂ ਦੇ ਨਾਲ ਨਾਲ ਅੰਸ਼ਿਕ ਜੜੀ ਬੂਟੀ ਅਤੇ ਅੰਸ਼ਿਕ ਜਾਦੂ ਧਰਮ ਨਾਲ ਸੰਬੰਧਿਤ ਇਲਾਜ ਵਿਧੀਆਂ ਨੂੰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ।[6]

ਇਸ ਪਰਿਭਾਸ਼ਾ ਵਿਚ ਵਰਤਿਆ ਗਿਆ ਸ਼ਬਦ 'ਪਰੰਪਰਾ' ਸਮੱਸਿਆਗ੍ਰਸਤ ਹੈ। ਇਸਦਾ ਕਾਰਨ ਹੈ ਕਿ ਲੋਕਚਿਕਿਤਸਾ ਦਾ ਸਬੰਧ ਪਰੰਪਰਾਗਤ ਇਲਾਜ ਵਿਧੀਆਂ ਨਾਲ ਜਰੂਰ ਹੈ ਪਰੰਤੂ ਲੋਕ ਚਿਕਿਤਸਾ ਇਕ ਅਜਿਹਾ ਵਰਤਾਰਾ ਹੈ ਜੋ ਨਿਰੰਤਰਤਾ 'ਚ ਕਾਰਜਸ਼ੀਲ ਹੈ। ਲੋਕ-ਅਨੁਭਵ ਹਮੇਸ਼ਾ ਪ੍ਰਚੱਲਿਤ ਹੋਈ ਬਿਮਾਰੀ ਦੇ ਇਲਾਜ ਲਈ ਓਹੜ-ਪੋਹੜ ਕਰਦਾ ਰਹਿੰਦਾ ਹੈ। ਜਿਵੇਂ ਕਿ ਸਮਕਾਲ ਵਿਚ ਡੇਂਗੂ ਬੁਖਾਰ ਲਈ ਬੱਕਰੀ ਦਾ ਦੁੱਧ ਅਤੇ ਨਾਰੀਅਲ ਪਾਣੀ, ਜਲੇ ਹੋਏ ਅੰਗ 'ਤੇ ਕੋਲਗੇਟ ਲਾਉਣਾ, ਕਿਸੇ ਪਸ਼ੂ ਦੇ ਕੀੜੇ ਬਾਹਰ ਕੱਢਣ ਲਈ ਪੈਟਰੋਲ/ਕਾਲੇ ਤੇਲ ਦਾ ਪ੍ਰਯੋਗ ਕਰਨਾ, ਤੇਜ਼ਾਬ ਦੇ ਅਸਰ ਨੂੰ ਘਟਾਉਣ ਲਈ ਦੁੱਧ ਦਾ ਉਪਯੋਗ ਆਦਿ। ਇਨ੍ਹਾਂ ਉਦਾਹਰਨਾਂ ਤੋਂ ਸਪੱਸ਼ਟ ਹੈ ਕਿ ਲੋਕਚਿਕਿਤਸਾ ਨਿਰੋਲ ਰੂਪ ਵਿਚ ਪਰੰਪਰਾਗਤ ਨਹੀਂ ਹੁੰਦੀ ਸਗੋਂ ਇਸਦਾ ਇਕ ਪੱਖ ਸਮਕਾਲ ਨਾਲ ਜੁੜਿਆ ਰਹਿੰਦਾ ਹੈ। ਇਸਤੋਂ ਇਲਾਵਾ ਇਹ ਹੈਰਾਨੀ ਦੀ ਗੱਲ ਹੈ ਕਿ ਡਾ. ਗੁਰਮੀਤ ਸਿੰਘ ਲੋਕਧਾਰਾ ਦੇ ਪ੍ਰਸੰਗ ਵਿਚ 'ਪਰੰਪਰਾ' ਦੀ ਇਨ੍ਹਾਂ ਅਰਥਾਂ ਵਿਚ ਵਰਤੋਂ ਨਹੀਂ ਕਰਦੇ। ਉਹ ਪੰਜਾਬੀ ਲੋਕਧਾਰਾ ਅਧਿਐਨ ਅੰਦਰ ਪਹਿਲੇ ਲੋਕਧਾਰਾ ਸ਼ਾਸ਼ਤਰੀ ਹਨ ਜਿਹੜੇ ਲੋਕਧਾਰਾ ਨੂੰ ਸਮਕਾਲ ਨਾਲ ਵੀ ਜੋੜਕੇ ਦੇਖਦੇ ਹਨ। ਅਜਿਹੇ ਵਿਚ ਉਨ੍ਹਾਂ ਦੇ ਖੋਜ-ਕਾਰਜ ਵਿਚ ਪ੍ਰਾਪਤ ਇਹ ਅੰਤਰ-ਨਿਹਿਤ ਵਿਰੋਧਾਭਾਸ ਅਧਿਐਨ ਦਾ ਵਿਸ਼ਾ ਹੈ। ਇਸਦਾ ਕਾਰਨ ਹੈ ਕਿ ਜਦ ਸਮੁੱਚੀ ਲੋਕਧਾਰਾ ਦਾ ਸਮਕਾਲ ਨਾਲ ਰਿਸ਼ਤਾ ਹੈ ਤਾਂ ਲੋਕਚਿਕਿਤਸਾ ਵੀ ਇਸ ਪ੍ਰਕਿਰਿਆ ਤੋਂ ਬਾਹਰ ਨਹੀਂ ਹੋ ਸਕਦੀ। ਇਸ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕਧਾਰਾ ਅਧਿਐਨ ਅੰਦਰ ਲੋਕਚਿਕਿਤਸਾ ਨੂੰ ਕੇਵਲ ਇਲਾਜ ਦੇ ਪਰੰਪਰਾਗਤ ਤਰੀਕੇ ਕਹਿਣ ਦੀ ਬਜਾਇ ਸਮਕਾਲ ਨਾਲ ਇਸਦੇ ਰਿਸ਼ਤੇ ਨੂੰ ਪੁਨਰ-ਪਰਿਭਾਸ਼ਿਤ ਕਰਨ ਦੀ ਲੋੜ ਹੈ ਜਿਵੇਂ ਇਸਨੂੰ 'ਕਿਸੇ ਲੋਕ ਸਮੂਹ ਦੁਆਰਾ ਪ੍ਰਵਾਨਿਤ ਦੇਸੀ ਇਲਾਜ ਵਿਧੀਆਂ' ਕਿਹਾ ਜਾ ਸਕਦਾ ਹੈ। ਪੰਜਾਬੀ ਵਿਚ ਇਸ ਬਾਰੇ ਚਰਚਾ ਹੋਣੀ ਚਾਹੀਦੀ ਹੈ ਅਤੇ ਕਿਸੇ ਨਵੀਂ ਪਰਿਭਾਸ਼ਾ ਵੱਲ ਤੁਰਨਾ ਚਾਹੀਦਾ ਹੈ। ਇਸਦਾ ਕਾਰਨ ਹੈ ਕਿ ਕਿਸੇ ਖੇਤਰ ਦੀ ਪਰਿਭਾਸ਼ਾ ਦੇ ਨਵਿਆਏ ਜਾਣ ਨਾਲ ਖੋਜ ਦੇ ਸੰਦਰਭ ਵਿਚ ਸਮੁੱਚਾ ਖੇਤਰ ਵੀ ਨਵਿਆਇਆ ਜਾਂਦਾ ਹੈ। ਇਹ ਪ੍ਰਕਿਰਿਆ ਅੱਗੇ ਖੋਜ ਲਈ ਨਵੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ ਪੈਦਾ ਕਰਦੀ ਹੈ ਜਿਸ ਨਾਲ ਖੋਜ ਅਤੇ ਖੇਤਰ ਦੋਵਾਂ ਦਾ ਵਿਸਥਾਰ ਹੁੰਦਾ ਹੈ।

ਇਸੇ ਤਰ੍ਹਾਂ ਇਸ ਖੋਜ-ਕਾਰਜ ਵਿਚ ਇਕ ਹੋਰ ਜਗ੍ਹਾ ਡਾ. ਗੁਰਮੀਤ ਨੇ 'ਪ੍ਰਾਕ੍ਰਿਤਿਕ ਚਿਕਿਤਸਾ' ਭਾਵ 'ਜੜ੍ਹੀ ਬੂਟੀ' ਜਾਂ 'ਬਨਸਪਤੀ ਦੁਆਰਾ ਕੀਤੀ ਜਾਂਦੀ ਚਿਕਿਤਸਾ' ਨੂੰ ਲੋਕ ਚਿਕਿਤਸਾ ਮੰਨਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਨੇ 'ਅੰਸ਼ਿਕ ਜੜ੍ਹੀ ਬੂਟੀ' ਅਤੇ 'ਅੰਸ਼ਿਕ ਜਾਦੂ ਧਰਮ' ਨਾਲ ਸੰਬੰਧਿਤ ਚਿਕਿਤਸਾ ਨੂੰ ਹੀ ਲੋਕ ਚਿਕਿਤਸਾ ਮੰਨਿਆ ਹੈ।[9] ਲੇਕਿਨ ਡਾ. ਗੁਰਮੀਤ ਦੇ ਇਸ ਵਿਚਾਰ ਨਾਲ ਵੀ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਵਿਸ਼ਵਾਸ਼ ਜਾਂ ਜਾਦੂ ਨਾਲ ਸਬੰਧਿਤ ਚਿਕਿਤਸਾ, ਲੋਕਚਿਕਿਤਸਾ ਦਾ ਇਕ ਅੰਗ-ਮਾਤਰ ਹੈ। ਪੰਜਾਬੀ ਲੋਕਚਿਕਿਤਸਾ ਵਿਚ ਬਹੁਤ ਸਾਰੇ ਅਜਿਹੇ ਪਰੰਪਰਿਕ ਇਲਾਜ ਮਿਲਦੇ ਹਨ ਜਿਹੜੇ ਲੋਕ-ਧਰਮ ਜਾਂ ਕਿਸੇ ਲੋਕ-ਵਿਸ਼ਵਾਸ਼ ਤੋਂ ਬਿਨ੍ਹਾਂ ਆਪਣੀ ਪ੍ਰਕਾਰਜਾਤਮਕਤਾ ਕਾਰਨ ਹੋਂਦਸ਼ੀਲ ਹਨ। ਇਨ੍ਹਾਂ ਵਿਚ 'ਠੰਡੇ ਪਾਣੀ ਦੇ ਛਿੱਟਿਆਂ ਨਾਲ ਦੁਖਦੀਆਂ ਅੱਖਾਂ ਠੀਕ ਕਰਨਾ', 'ਦੁਖਦੇ ਕੰਨ ਵਿਚ ਨਿੰਮ ਦੇ ਪੱਤਿਆਂ ਨੂੰ ਸਰੋਂ ਦੇ ਤੇਲ ਵਿਚ ਕਾੜ੍ਹ ਕੇ ਪਾਉਣਾ', 'ਅੰਦਰੂਨੀ ਸੱਟ ਲਈ ਹਲਦੀ ਵਾਲੇ ਦੁੱਧ ਦੀ ਵਰਤੋਂ', 'ਪੇਟ ਦੇ ਦਰਦ ਲਈ ਹਰੜਾਂ, ਔਲੇ ਅਤੇ ਕੌੜਤੁੰਮੇ ਦੇ ਚੂਰਨਾ ਦੀ ਵਰਤੋਂ' ਆਦਿ ਵਰਗੇ ਅਨੇਕਾਂ ਇਲਾਜ ਹਨ। ਇਨ੍ਹਾਂ ਇਲਾਜਾਂ ਪਿੱਛੇ ਲੋਕਧਰਮ ਜਾਂ ਲੋਕਵਿਸ਼ਵਾਸ਼ ਕਾਰਜਸ਼ੀਲ ਨਹੀਂ ਹੈ। ਇਸ ਲਈ ਲੋਕਚਿਕਿਤਸਾ ਦਾ ਖੇਤਰ ਕਾਫ਼ੀ ਵਿਸਤ੍ਰਿਤ ਹੈ ਜਿਸ ਵਿਚ ਅੱਗੇ 'ਜੜ੍ਹੀ-ਬੂਟੀਆਂ ਨਾਲ ਸੰਬੰਧਿਤ', 'ਤੰਤਰ-ਮੰਤਰ-ਜੰਤਰ ਨਾਲ

ਸੰਬੰਧਿਤ', ਅਤੇ 'ਵਿਸ਼ਿਸ਼ਟ ਧਰਮ ਤੇ ਲੋਕਧਰਮ ਨਾਲ ਸਬੰਧਿਤ' ਉਪ-ਖੇਤਰ ਮਿਲਦੇ ਹਨ। ਇਹ ਖੇਤਰ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹੋਏ ਵੀ ਸੁਤੰਤਰ ਹੋਂਦ ਰੱਖਦੇ ਹਨ। ਪੰਜਾਬ ਦੇ ਲੋਕਚਿਕਿਤਸਾ ਦੇ ਪ੍ਰਬੰਧ ਨੂੰ ਇਨ੍ਹਾਂ ਤਿੰਨ ਉਪ-ਖੇਤਰਾਂ ਵਿਚ ਵਰਗੀਕ੍ਰਿਤ ਕਰਕੇ ਵਧੇਰੇ ਲੋਕਧਾਰਾਈ ਸਮੱਗਰੀ ਅਤੇ ਸਹੀ ਨਿਰਣਿਆਂ ਤੇ ਪਹੁੰਚਿਆ ਜਾ ਸਕਦਾ ਹੈ।

ਡਾ. ਗੁਰਮੀਤ ਨੇ ਆਪਣੇ ਖੋਜ-ਕਾਰਜ ਵਿਚ ਜਾਦੂ ਨੂੰ 'ਚਿੱਟਾ ਜਾਦੂ' ਅਤੇ 'ਕਾਲਾ ਜਾਦੂ' ਵਿਚ ਵੰਡਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਕਾਲਾ ਜਾਦੂ ਬੀਮਾਰੀਆਂ ਲਗਾਉਣ ਅਤੇ ਵਿਨਾਸ਼ ਲਈ ਵਰਤਿਆ ਜਾਂਦਾ ਹੈ, ਜਦ ਕਿ ਚਿੱਟਾ ਜਾਦੂ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਲੇਕਿਨ ਡਾ. ਗੁਰਮੀਤ ਦੀ ਇਸ ਧਾਰਨਾ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ। ਇਸਦਾ ਕਾਰਨ ਹੈ ਕਿ ਮੇਰੇ ਖੇਤਰੀ ਕਾਰਜ ਦੌਰਾਨ ਦੇਖਣ ਵਿਚ ਆਇਆ ਹੈ ਕਿ ਕਾਲੇ ਜਾਦੂ ਦੀ ਵਰਤੋਂ ਹਮੇਸ਼ਾ ਮੰਦ ਭਾਵਨਾ ਨਾਲ ਨਹੀਂ ਹੁੰਦੀ। ਇਸਦੇ ਪ੍ਰਮਾਣ ਵਜੋਂ ਅਘੋਰੀ ਸਾਧਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਦਾ ਕਹਿਣਾ ਹੈ ਕਿ ਅਘੋਰੀ ਕਾਲੇ ਜਾਦੂ ਦੀ ਵਰਤੋਂ ਨਿਰਾਪੁਰਾ ਕਿਸੇ ਦਾ ਨੁਕਸਾਨ ਕਰਨ ਲਈ ਹੀ ਨਹੀਂ ਕਰਦੇ।[10] ਸੰਖੇਪ ਵਿਚ ਆਪਣੇ ਖੋਜ-ਕਾਰਜ ਵਿਚ ਡਾ. ਗੁਰਮੀਤ ਨੇ ਪੰਜਾਬੀ ਸਭਿਆਚਾਰ ਅਤੇ ਲੋਕਚਿਕਿਤਸਾ ਦੇ ਆਪਸੀ ਸਬੰਧਾਂ ਨੂੰ ਤਾਰਕਿਕ ਆਧਾਰਾਂ ਰਾਹੀਂ ਸਮਝਣ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਕੰਮ ਦਾ ਇਕ ਹੋਰ ਮਹੱਤਵਪੂਰਨ ਯੋਗਦਾਨ ਆਧੁਨਿਕ/ ਵਿਗਿਆਨਕ ਚਿਕਿਤਸਾ ਦੇ ਵਿਕਾਸ ਵਿਚ ਲੋਕਚਿਕਿਤਸਾ ਦੇ ਯੋਗਦਾਨ ਨੂੰ ਪਛਾਣਿਆ ਅਤੇ ਜਾਣੂ ਕਰਵਾਇਆ ਹੈ। ਡਾ. ਗੁਰਮੀਤ ਨੇ ਲੋਕਚਿਕਿਤਸਾ ਨੂੰ ਸਮਝਣ ਲਈ ਹੋਰਨਾਂ ਭਾਸ਼ਾਵਾਂ ਵਿਚ ਲੋਕਚਿਕਿਤਸਾ ਸਬੰਧੀ ਹੋਏ ਖੋਜ-ਕਾਰਜ ਤੋਂ ਪੰਜਾਬੀ ਲੋਕਧਾਰਾ ਅਧਿਐਨ ਨੂੰ ਜਾਣੂ ਕਰਵਾਇਆ ਅਤੇ ਇਸਦੇ ਆਧਾਰ 'ਤੇ ਪੰਜਾਬੀ ਲੋਕਚਿਕਿਤਸਾ ਸਬੰਧੀ ਸਿਧਾਂਤਕ ਚੌਖਟਾ ਤਿਆਰ ਕੀਤਾ। ਡਾ. ਗੁਰਮੀਤ ਨੇ ਪੱਛਮੀ ਤੇ ਭਾਰਤੀ ਵਿਦਵਾਨਾਂ ਦੁਆਰਾ ਲੋਕਚਿਕਿਤਸਾ ਸਬੰਧੀ ਕੀਤੇ ਖੋਜ-ਕਾਰਜ ਨਾਲ ਸੰਵਾਦ ਰਚਾਇਆ ਹੈ ਅਤੇ ਆਪਣੇ ਦੁਆਰਾ ਇਕੱਤਰ ਕੀਤੀ ਸਮੱਗਰੀ ਦੇ ਅਧਿਐਨ ਲਈ ਅੰਤਰ-ਅਨੁਸ਼ਾਸ਼ਨੀ ਵਿਧੀ ਵਰਤਦੇ ਹੋਏ ਕਾਫ਼ੀ ਮਹੱਤਵਪੂਰਨ ਧਾਰਨਾਵਾਂ ਪੇਸ਼ ਕੀਤੀਆਂ ਹਨ। ਇਸ ਖੋਜ-ਕਾਰਜ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸਨੇ ਲੋਕਧਾਰਾ ਤੇ ਚਿਕਿਤਸਾ ਨੂੰ ਵਿਸਥਾਰ ਪ੍ਰਦਾਨ ਕੀਤਾ ਅਤੇ ਨਵੇਂ ਖੋਜੀਆਂ ਲਈ ਆਧਾਰ ਤਿਆਰ ਕੀਤਾ ਹੈ।

ਡਾ. ਭੁਪਿੰਦਰ ਸਿੰਘ ਖਹਿਰਾ ਆਪਣੀ ਕਿਤਾਬ **ਲੋਕਯਾਨ: ਭਾਸ਼ਾ ਅਤੇ ਸਭਿਆਚਾਰ** (1986) ਵਿਚ ਲੋਕ ਵਿਸ਼ਵਾਸ਼ਾਂ ਦੇ ਅੰਤਰਗਤ ਲੋਕਚਿਕਿਤਸਾ ਬਾਰੇ ਗੱਲ ਕਰਦੇ ਹੋਏ ਕਹਿੰਦੇ ਹਨ ਕਿ 'ਕਿਸੇ ਬਿਮਾਰੀ ਨੂੰ ਦੂਰ ਕਰਨ ਲਈ ਸਿਆਣਾ ਹਥੌਲਾ ਕਰਦਾ ਹੈ। ਹਰ ਪਿੰਡ ਵਿਚ ਕੋਈ ਨਾ ਕੋਈ ਹਥੌਲਾ ਕਰਨ ਵਾਲਾ ਹੁੰਦਾ ਹੈ; ਡੇਰੇ ਦਾ ਸਾਧ ਜਾਂ ਕੋਈ ਜੋਗੀ ਇਸ ਕੰਮ ਵਿਚ ਮਾਹਰ ਹੁੰਦਾ ਹੈ। ਚਿਮਟਾ, ਦਾਤਰ ਜਾਂ ਮੋਰ ਖੰਭ ਮਰੀਜ ਦੇ ਸਿਰ ਤੋਂ ਦੀ ਛੁਹਾ ਕੇ ਧਰਤੀ 'ਤੇ ਮਾਰੇ ਜਾਂਦੇ ਹਨ।[11] ਇਸ ਤੋਂ ਅੱਗੇ ਡਾ. ਖਹਿਰਾ ਨੇ ਜੰਤਰ, ਤਵੀਤ, ਟੂਣਾ, ਉਤਾਰਾ, ਝਾੜਾ, ਠਾਕਾ ਆਦਿ ਦਾ ਗਹਿਨ-ਅਧਿਐਨ ਪੇਸ਼ ਕੀਤਾ ਹੈ। ਡਾ. ਖਹਿਰਾ ਦੁਆਰਾ ਪੇਸ਼ ਕੀਤਾ ਲੋਕਚਿਕਿਤਸਾ ਦਾ ਅਧਿਐਨ ਇਮਤਿਹਾਨੀ ਲੋੜਾਂ ਦੀ ਪੂਰਤੀ ਹਿਤ ਬਹੁਤ ਸੰਖੇਪ ਰੂਪ ਵਿਚ ਕੀਤਾ ਗਿਆ ਹੈ।

ਪ੍ਰੋ. ਕਿਰਪਾਲ ਕਜ਼ਾਕ ਦੁਆਰਾ ਕੀਤੇ ਖੋਜ-ਕਾਰਜ **ਲੋਕ ਪਰੰਪਰਾ ਤੇ ਕਬੀਲਾ ਸਭਿਆਚਾਰ** (1994) ਵਿਚ ਲੋਕਚਿਕਿਤਸਾ ਬਾਰੇ 'ਕਬੀਲਾ ਲੋਕ ਚਿਕਿਤਸਾ' ਨਾਲ ਸੰਬੰਧਿਤ ਇਕ ਅਧਿਆਇ ਪ੍ਰਾਪਤ ਹੁੰਦਾ ਹੈ ਪਰੰਤੂ ਇਸ ਵਿਚ ਕਬੀਲੇ ਦੀ ਚਿਕਿਤਸਾ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਸ ਵਿਚ ਕਬੀਲੇ ਦੀ ਚਿਕਿਤਸਾ ਨੂੰ ਛੱਡ ਕੇ ਕਬੀਲੇ ਦੇ ਸਭਿਆਚਾਰ ਅਤੇ ਲੋਕਧਾਰਾ ਨਾਲ ਜੁੜੇ ਬਾਕੀ ਪੱਖਾਂ ਉਪਰ ਵਧੇਰੇ ਧਿਆਨ ਦਿੱਤਾ ਗਿਆ ਹੈ। ਇਹ ਹੈਰਾਨੀਜਨਕ ਹੈ ਕਿ ਪੰਜਾਬੀ ਵਿਚ ਕਬੀਲਿਆਂ ਬਾਰੇ ਕਾਫ਼ੀ ਖੋਜ-ਕਾਰਜ ਪ੍ਰਾਪਤ ਹੋਣ ਦੇ ਬਾਵਜੂਦ ਇਨ੍ਹਾਂ ਕਬੀਲਿਆਂ ਦੀ ਚਿਕਿਤਸਾ ਬਾਰੇ ਕੋਈ ਗੰਭੀਰ ਖੋਜ-ਕਾਰਜ ਪ੍ਰਾਪਤ ਨਹੀਂ ਹੁੰਦਾ ਜਦੋਂ ਕਿ ਕਬੀਲਿਆਂ ਕੋਲ ਚਿਕਿਤਸਾ ਦਾ ਅਮੀਰ ਵਿਰਸਾ ਹੈ। ਇਸਦਾ ਕਾਰਨ ਹੈ ਕਿ ਪੰਜਾਬ ਵਿਚ ਅਜਿਹੇ ਕਈ ਕਬੀਲੇ ਮਿਲਦੇ ਹਨ ਜਿਹੜੇ ਮੁੱਖ ਤੌਰ 'ਤੇ ਇਲਾਜ ਲਈ ਹੀ ਜਾਣੇ ਜਾਂਦੇ ਹਨ, ਜਿਵੇਂ ਕਿ ਯੋਗੀ ਕਬੀਲੇ ਦੀ ਅੱਖਾਂ ਸਬੰਧੀ ਚਿਕਿਤਸਾ, ਸਿੰਗੀਆਂ ਲਾਉਣ ਦਾ ਢੰਗ, ਜੋਗੀਆਂ ਦੁਆਰਾ ਸੱਪ ਦੇ ਕੱਟੇ ਦਾ ਇਲਾਜ ਆਦਿ ਇਸ ਸਬੰਧ ਵਿਚ ਮੁੱਖ ਉਦਾਹਰਨਾਂ ਹਨ। ਇਸ ਤੋਂ ਬਿਨ੍ਹਾਂ ਕੁਝ ਕਬੀਲੇ 'ਪਸ਼ੂ ਚਿਕਿਤਸਾ' ਦੀ ਮੁਹਾਰਤ ਰੱਖਦੇ ਹਨ ਜਿਵੇਂ 'ਗੁੱਜਰ ਕਬੀਲਾ' ਪਸ਼ੂ ਚਿਕਿਤਸਾ ਸਬੰਧੀ ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇਸ ਪ੍ਰਸੰਗ ਵਿਚ ਵੀ ਪ੍ਰੋ. ਕਿਰਪਾਲ ਕਜ਼ਾਕ ਦੇ ਖੋਜ-ਕਾਰਜ ਦੀਆਂ ਸੀਮਾਵਾਂ ਆਉਂਦੀਆਂ ਹਨ। ਇਸ ਖੋਜ-ਕਾਰਜ ਦੀ ਮੁੱਖ ਸਮੱਸਿਆ ਕਬੀਲੇ ਦੀ ਚਿਕਿਤਸਾ ਦਾ ਵਰਨਣ ਕਰਦੇ ਹੋਏ ਗੰਭੀਰ ਅਧਿਐਨ ਪ੍ਰਸਤੁਤ ਨਾ ਕਰਨਾ ਹੈ।

ਮਨਜੀਤ ਸਿੰਘ ਦੁਆਰਾ ਲਿਖਿਆ ਇਕ ਖੋਜ-ਪੱਤਰ 'ਪੰਜਾਬੀ ਲੋਕਧਾਰਾ ਵਿਚ ਧੂਣੀ ਨਾਲ ਜੁੜੇ ਸੰਕਲਪ ਅਤੇ ਪ੍ਰਸੰਗ'(**ਖੋਜ ਦਰਪਣ**, ਲੋਕਧਾਰਾ ਵਿਸ਼ੇਸ਼ ਅੰਕ ਜੁਲਾਈ 2001) ਪ੍ਰਾਪਤ ਹੁੰਦਾ ਹੈ। ਇਸ ਖੋਜ ਪਰਚੇ ਵਿਚ ਧੂਣੀ ਦੇ ਸੰਕਲਪ ਨੂੰ ਵਿਸਥਾਰ ਵਿਚ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਵਿਚ ਸਾਧਾਂ ਅਤੇ ਧੂਣੀ ਨਾਲ ਜੁੜੀ ਲੋਕਧਾਰਾ ਬਾਰੇ ਦੱਸਣ ਦੇ ਨਾਲ-ਨਾਲ ਧੂਣੀ ਦੇ ਲੋਕਚਿਕਿਤਸਕ ਮਹੱਤਵ ਨੂੰ ਵੀ ਪੇਸ਼ ਕੀਤਾ ਗਿਆ ਹੈ ਕਿ ਸਾਧ ਧੂਣੀ 'ਤੇ ਵੱਖ-ਵੱਖ ਦਵਾਈਆਂ ਤਿਆਰ ਕਰਦੇ ਸਨ। ਇਹ ਖੋਜ-ਕਾਰਜ ਪੂਰੀ ਤਰ੍ਹਾਂ ਖੇਤਰੀ ਖੋਜ 'ਤੇ ਆਧਾਰਿਤ ਹੈ ਜਿਸ ਵਿਚ ਚਾਹੇ ਚਿਕਿਤਸਾ ਬਾਰੇ ਘੱਟ ਚਰਚਾ ਹੋਈ ਹੈ ਲੇਕਿਨ ਜਿੰਨੀ ਚਰਚਾ ਹੋਈ ਹੈ, ਉਹ ਕਾਫ਼ੀ ਸਪੱਸ਼ਟ, ਪਰਪੱਕ ਤੇ ਪੌੜ ਹੈ। ਇਸ ਖੋਜ-ਪੱਤਰ ਵਿਚ ਦਵਾਈ ਤਿਆਰ ਕਰਨ ਦੀ ਵਿਧੀ ਅਤੇ ਪ੍ਰਕਿਰਿਆ ਬਾਰੇ ਵੀ ਚਾਨਣਾ ਪਾਇਆ ਗਿਆ ਹੈ।

ਡਾ. ਜੀਤ ਸਿੰਘ ਜੋਸ਼ੀ ਨੇ ਆਪਣੀ ਕਿਤਾਬ **ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ** (2009) ਵਿਚ ਲੋਕਚਿਕਿਤਸਾ ਬਾਰੇ ਸੰਖੇਪ ਚਰਚਾ ਕੀਤੀ ਹੈ। ਉਹ ਜਾਦੂ-ਟੂਣੇ ਦੇ ਸਬੰਧ ਵਿਚ ਚਰਚਾ ਕਰਦਿਆਂ ਕਹਿੰਦੇ ਹਨ ਕਿ ਲੋਕ ਚਿਕਿਤਸਾ ਦੀ ਸ਼ਾਖਾ 'ਜਾਦੂ' ਦੇ ਰੂਪ ਲਈ ਲੋਕ ਸਮੂਹ ਵਿਚ 'ਜਾਦੂ ਟੂਣਾ' ਸ਼ਬਦ ਪ੍ਰਚੱਲਿਤ ਹੈ। ਇਸੇ ਤਰ੍ਹਾਂ ਡਾ. ਜੋਸ਼ੀ ਨੇ ਪਸ਼ੂ ਚਿਕਿਤਸਾ ਬਾਰੇ ਚਰਚਾ ਕਰਦਿਆਂ 'ਬਨੀ-ਕਰਨ' ਬਾਰੇ ਵੇਰਵਾ ਦਿੱਤਾ ਹੈ। ਇਸ ਖੋਜ-ਕਾਰਜ ਵਿਚ ਡਾ. ਜੋਸ਼ੀ ਵੀ ਲਿਖਦੇ ਹਨ ਕਿ 'ਕਾਲਾ ਜਾਦੂ ਕਿਸੇ ਦਾ ਜਾਨੀ ਮਾਲੀ ਨੁਕਸਾਨ ਕਰਨ ਲਈ ਵਰਤਿਆ ਜਾਂਦਾ ਹੈ ਅਤੇ ਇਸ ਦੀ ਵਰਤੋਂ ਕਿਸੇ ਖਤਰਨਾਕ ਦੁਸ਼ਮਨ ਦਾ ਨੁਕਸਾਨ ਕਰਨ ਲਈ ਹੀ ਕੀਤੀ ਜਾਂਦੀ ਹੈ।'[12] ਇਸ ਤਰ੍ਹਾਂ ਪੰਜਾਬੀ ਵਿਚ ਇਹ ਵਿਚਾਰ ਪ੍ਰਵਾਨਿਤ ਲੱਗਦਾ ਹੈ ਕਿ ਕਾਲੇ ਤੇ ਚਿੱਟੇ ਜਾਦੂ ਵਿਚੋਂ ਕਾਲਾ ਬੁਰਾਈ ਅਤੇ ਚਿੱਟਾ ਭਲਾਈ ਕਰਨ ਲਈ ਹੀ ਵਰਤਿਆ ਜਾਂਦਾ ਹੈ। ਲੇਕਿਨ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਇਹ ਮੋਟੀ-ਠੁੱਲੀ ਵੰਡ ਹੈ ਜੋ ਤਾਂਤਰਿਕਾਂ ਦੁਆਰਾ ਪੇਸ਼ ਕੀਤੀ ਜਾਂਦੀ ਹੈ ਤਾਂ ਕਿ ਲੋਕਾਂ ਵਿਚ ਉਨ੍ਹਾਂ ਦਾ ਡਰ ਅਤੇ ਪ੍ਰਭਾਵ ਬਣਿਆ ਰਹੇ। ਅਸਲ ਵਿਚ ਚਿੱਟੇ ਤੇ ਕਾਲੇ ਦੋਵੇਂ ਤਰ੍ਹਾਂ ਦੇ ਜਾਦੂਆਂ ਦੀ ਵਰਤੋਂ ਦੋਵੇਂ ਤਰ੍ਹਾਂ ਦੇ ਉਦੇਸ਼ਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ। ਪੰਜਾਬੀ ਲੋਕਧਾਰਾ ਅਧਿਐਨ ਵਿਚ ਜਾਦੂ ਚਿੰਤਨ ਅਤੇ ਖਾਸ ਕਰਕੇ ਕਾਲੇ ਅਤੇ ਚਿੱਟੇ ਜਾਦੂ ਬਾਰੇ ਰੂੜ੍ਹ ਹੋ ਚੁੱਕੀਆਂ ਧਾਰਨਾਵਾਂ ਨੂੰ ਨਵੀਆਂ ਖੋਜਾਂ ਦੇ ਪ੍ਰਸੰਗ ਵਿਚ ਮੁੜ ਵਿਚਾਰੇ ਜਾਣ ਦੀ ਲੋੜ ਹੈ।

ਡਾ. ਰੁਪਿੰਦਰਜੀਤ ਗਿੱਲ ਦੁਆਰਾ ਕੀਤਾ ਖੋਜ-ਪ੍ਰਬੰਧ **ਜਾਦੂ ਚਿਕਿਤਸਾ: ਸਮਾਜ ਮਨੋਵਿਗਿਆਨਕ ਅਧਿਐਨ** (ਜਿਲ੍ਹਾ ਗੁਰਦਾਸਪੁਰ ਦੇ ਸੰਦਰਭ ਵਿਚ 2005) ਵਿਚ ਪ੍ਰਾਪਤ ਹੁੰਦਾ ਹੈ। ਇਹ ਖੋਜ-ਕਾਰਜ '**ਲੋਕਧਾਰਾ ਤੇ ਜਾਦੂ-ਚਿਕਿਤਸਾ**' (2016) ਦੇ ਨਾਮ ਹੇਠ ਪੁਸਤਕ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹ ਖੋਜ-ਕਾਰਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਡਾ. ਗੁਰਮੀਤ ਸਿੰਘ ਦੀ ਨਿਗਰਾਨੀ ਵਿਚ ਹੋਇਆ। ਇਸ ਖੋਜ-ਕਾਰਜ ਵਿਚ ਖੋਜ-ਸਮੱਗਰੀ ਦਾ ਅਧਿਐਨ ਕਰਨ ਲਈ ਖੋਜੀ ਨੇ ਸਮਾਜ ਮਨੋਵਿਗਿਆਨਕ ਅਧਿਐਨ ਵਿਧੀ ਦੀ ਵਰਤੋ ਕੀਤੀ ਹੈ। ਇਸ ਖੋਜ-ਕਾਰਜ ਸਬੰਧੀ ਕੀਤਾ ਗਿਆ ਖੇਤਰੀ ਕਾਰਜ ਧਿਆਨ ਦੇਣ ਯੋਗ ਹੈ। ਇਸ ਖੋਜ-ਕਾਰਜ ਵਿਚ ਜਾਦੂ ਦੁਆਰਾ ਕੀਤੀ ਜਾਂਦੀ ਚਿਕਿਤਸਾ ਪੱਧਤੀ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਖੋਜ-ਕਾਰਜ ਦੀ ਵਿਲੱਖਣ ਪ੍ਰਾਪਤੀ ਹੈ ਕਿ ਇਸ ਵਿਚ 'ਸਾਏ' ਦੇ ਤੀਹ ਵੱਖ-ਵੱਖ ਕੇਸਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਖੋਜ-ਕਾਰਜ ਵਿਚ ਜਾਦੂ ਚਿਕਿਤਸਾ ਨੂੰ ਮਨੋਵਿਗਿਆਨ, ਮਾਨਵ-ਵਿਗਿਆਨ ਅਤੇ ਇਤਿਹਾਸਕ ਪ੍ਰਸੰਗ ਵਿਚ ਸਮਝਣ ਦਾ ਯਤਨ ਕੀਤਾ ਗਿਆ ਹੈ। ਡਾ. ਗਿੱਲ ਆਪਣੇ ਖੋਜ-ਕਾਰਜ ਵਿਚ ਧਾਰਨਾ ਪੇਸ਼ ਕਰਦੇ ਹਨ ਕਿ ਮਰਦਾਂ ਨਾਲੋਂ ਵੱਧ ਔਰਤਾਂ ਸਾਏ ਜਾਂ ਕਸਰ ਤੋਂ ਪ੍ਰਭਾਵਿਤ ਹੁੰਦੀਆਂ ਹਨ। ਇਸ ਖੋਜ-ਕਾਰਜ ਵਿਚ ਪੰਜਾਬੀ ਲੋਕਧਾਰਾ ਵਿਚ ਜਾਦੂ ਚਿਕਿਤਸਾ ਦੇ ਮਹੱਤਵ ਅਤੇ ਭੂਮਿਕਾ ਦੇ ਨਾਲ-ਨਾਲ ਇਸ ਪਿੱਛੇ ਕੰਮ ਕਰਦੀ ਮਾਨਸਿਕਤਾ ਬਾਰੇ ਵੀ ਮੁੱਲਵਾਨ ਧਾਰਨਾਵਾਂ ਪੇਸ਼ ਕੀਤੀਆਂ ਗਈਆਂ ਹਨ।

ਹਰਜਿੰਦਰ ਕੌਰ ਦੁਆਰਾ ਕੀਤਾ ਖੋਜ-ਪ੍ਰਬੰਧ '**ਅਰੋਗਤਾ ਲਈ ਪ੍ਰਚੱਲਿਤ ਘਰੇਲੂ ਟੋਟਕੇ: ਸੰਕਲਨ ਅਤੇ ਵਿਸ਼ਲੇਸ਼ਣ** 2006 (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਪ੍ਰਾਪਤ ਹੁੰਦਾ ਹੈ। ਇਹ ਖੋਜ-ਕਾਰਜ ਡਾ. ਬਲਵਿੰਦਰ ਕੌਰ ਬਰਾੜ ਦੀ ਅਗਵਾਈ ਹੇਠ ਕੀਤਾ ਗਿਆ ਹੈ। ਇਸ ਖੋਜ-ਕਾਰਜ ਵਿਚ ਖੋਜੀ ਨੇ ਕੇਵਲ ਚਿਕਿਤਸਕ ਪ੍ਰਕਾਰਜਾਂ ਵਾਲੇ ਮੰਤਰਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਖੋਜਾਰਥੀ ਨੇ ਘਰੇਲੂ ਟੋਟਕਿਆਂ ਨੂੰ ਪਰਿਭਾਸ਼ਿਤ ਕਰਦਿਆਂ ਇਨ੍ਹਾਂ ਦੀ ਛੇ ਭਾਗਾਂ ਵਿਚ ਵਰਗਵੰਡ ਕੀਤੀ ਹੈ। ਖੋਜਾਰਥੀ ਨੇ ਜੜ੍ਹੀ ਬੂਟੀ, ਫਲ, ਮੇਵੇ, ਸਬਜੀਆਂ, ਮਸਾਲਿਆਂ, ਫੁੱਲਾਂ ਅਤੇ ਰੁੱਖਾਂ ਨਾਲ ਸਬੰਧ ਰੱਖਦੇ ਟੋਟਕਿਆਂ ਦਾ ਵੇਰਵਾ ਦਿੱਤਾ ਹੈ। ਇਸ ਖੋਜ-ਨਿਬੰਧ ਵਿਚ ਖੋਜੀ ਨੇ ਲੋਕ ਚਿਕਿਤਸਾ ਦਾ ਸਿਧਾਂਤਕ ਪਰਿਪੇਖ ਉਸਾਰਨ ਦੀ ਕੋਸ਼ਿਸ਼ ਕੀਤੀ

ਗਈ ਹੈ। ਖੋਜੀ ਨੇ ਦੂਸਰੇ ਅਧਿਆਇ ਵਿਚ ਲੋਕ ਚਿਕਿਤਸਾ ਸਬੰਧੀ ਘਰੇਲੂ ਟੋਟਕਿਆਂ ਦੇ ਸੰਕਲਨ, ਪਰਿਭਾਸ਼ਾ, ਇਕੱਤਰੀਕਰਨ ਦੀ ਵਿਧੀ ਦਾ ਵੇਰਵਾ ਦਿੱਤਾ ਹੈ।

ਪੂਨਮ ਖਹਿਰਾ ਦੁਆਰਾ **'ਲੋਕ ਖਾਣ-ਪਕਾਣ: ਲੋਕਧਾਰਾਈ ਅਧਿਐਨ'** ਖੋਜ-ਪ੍ਰਬੰਧ ਗੁਰੂ ਨਾਨਕ ਦੇਵ ਯੂਨੀਵਰਸਿਟੀ 2009 ਵਿਚ ਹੋਇਆ ਖੋਜ-ਕਾਰਜ ਪ੍ਰਾਪਤ ਹੁੰਦਾ ਹੈ। ਇਹ ਖੋਜ-ਕਾਰਜ ਡਾ. ਹਰਜੀਤ ਕੌਰ ਦੀ ਨਿਗਰਾਨੀ ਵਿਚ ਹੋਇਆ ਹੈ। ਇਸ ਵਿਚ ਪੰਜਾਬੀ ਖਾਣ-ਪਕਾਣ ਨੂੰ ਖੋਜ ਦਾ ਆਧਾਰ ਬਣਾਇਆ ਗਿਆ ਹੈ। ਇਸ ਖੋਜ-ਕਾਰਜ ਦੇ ਚੌਥੇ ਅਧਿਆਇ ਵਿਚ ਲੋਕ-ਖਾਣਿਆਂ ਦੇ ਚਿਕਿਤਸਕ ਮਹੱਤਵ ਬਾਰੇ ਵੇਰਵੇ ਦਿੱਤੇ ਗਏ ਹਨ। ਇਸ ਖੋਜ-ਕਾਰਜ ਵਿਚ ਮਾਹਾਂ ਦੀਆਂ ਪਿੰਨੀਆਂ, ਚਾਸਕੂ ਦੀਆਂ ਪਿੰਨੀਆਂ, ਮੂੰਗੀ ਦੇ ਆਟੇ ਦੀ ਪੰਜੀਰੀ ਆਦਿ ਦੁਆਰਾ ਕੀਤੇ ਜਾਂਦੇ ਦੇਸੀ ਇਲਾਜ ਦਾ ਜਿਕਰ ਕੀਤਾ ਹੈ। ਇਸ ਖੋਜ-ਕਾਰਜ ਦੀ ਇਕ ਵੱਡੀ ਸੀਮਾ ਇਹ ਹੈ ਕਿ ਇਸ ਵਿਚ ਮਾਸਾਹਾਰੀ ਭੋਜਨ ਜਾਂ ਉਨ੍ਹਾਂ ਦੇ ਮਾਸ ਚਰਬੀ ਖੱਲ ਖ਼ੂਨ ਹੱਡੀਆਂ ਆਦਿ ਤੋਂ ਕੀਤੀ ਜਾਂਦੀ ਚਿਕਿਤਸਾ ਦਾ ਜਿਕਰ ਨਹੀਂ ਕੀਤਾ। ਪੰਜਾਬੀ ਵਿਚ ਵੱਖ-ਵੱਖ ਪ੍ਰਕਾਰ ਦੇ ਮਾਸ ਤੋਂ ਬਣੇ ਆਹਾਰ ਦਾ ਵੀ ਲੋਕਚਿਕਿਤਸਾ ਵਿਚ ਅਹਿਮ ਰੋਲ ਹੈ। ਇਸ ਖੋਜ-ਕਾਰਜ ਵਿਚ ਪੰਜਾਬ ਦੇ ਪਰੰਪਰਾਗਤ ਖਾਦ ਪਦਾਰਥਾਂ ਦੇ ਲੋਕ ਚਿਕਿਤਸਕ ਉਪਯੋਗ ਨੂੰ ਦਰਸਾਇਆ ਗਿਆ ਹੈ।

ਡਾ. ਹਰਿੰਦਰ ਸਿੰਘ ਦੁਆਰਾ ਕੀਤਾ '**ਪੰਜਾਬ ਦੇ ਬੌਰੀਆਂ ਕਬੀਲੇ ਦਾ ਸਭਿਆਚਾਰ** (ਸਭਿਆਚਾਰਕ ਮਾਨਵ-ਵਿਗਿਆਨਕ ਅਧਿਐਨ)' ਖੋਜ-ਪ੍ਰਬੰਧ 2012 ਪ੍ਰਾਪਤ ਹੁੰਦਾ ਹੈ। ਇਹ ਖੋਜ-ਕਾਰਜ ਡਾ. ਦਰਿਆ ਦੀ ਨਿਗਰਾਨੀ ਵਿਚ ਸੰਪੂਰਨ ਹੁੰਦਾ ਹੈ। ਇਸਨੂੰ ਸਾਲ 2015 ਵਿਚ ਪੁਸਤਕ ਰੂਪ ਦਿੱਤਾ ਜਾਂਦਾ ਹੈ। ਇਸ ਖੋਜ ਵਿਚ ਇਕ ਉਪ-ਅਧਿਆਇ 'ਲੋਕ ਚਿਕਿਤਸਾ' ਬਾਰੇ ਹੈ। ਇਸ ਖੋਜ-ਕਾਰਜ ਵਿਚ ਭਾਵੇਂ ਸਿਧਾਂਤਕ ਸੰਤੁਲਨ ਅਤੇ ਪਕਿਆਈ ਦੀ ਘਾਟ ਰੜਕਦੀ ਹੈ ਲੇਕਿਨ ਇਸ ਵਿਚ ਕਬੀਲੇ ਵਿਚ ਪ੍ਰਚੱਲਿਤ ਚਿਕਿਤਸਾ ਦੇ ਵੇਰਵਿਆਂ ਦਾ ਇਕੱਤਰੀਕਰਨ ਬਹੁਤ ਵਧੀਆ ਢੰਗ ਨਾਲ ਕੀਤਾ ਹੈ। ਉਦਾਹਰਨ ਲਈ ਇਸ ਖੋਜ-ਕਾਰਜ ਵਿਚ ਵੱਖ-ਵੱਖ ਬਿਮਾਰੀਆਂ ਲਈ ਇਲਾਜ ਦੀਆਂ ਵਿਧੀਆਂ ਅਤੇ ਉਨ੍ਹਾਂ ਦੇ ਕਬੀਲਾਈ ਨਾਮ ਵਿਸਥਾਰ ਵਿਚ ਪੇਸ਼ ਕੀਤੇ ਹਨ। ਇਸ ਖੋਜ-ਕਾਰਜ ਦੀ ਇਕ ਹੋਰ ਪ੍ਰਾਪਤੀ 'ਕਥਾ ਰਾਹੀਂ ਚਿਕਿਤਸਾ' ਕਰਨ ਦੇ ਢੰਗ ਨਾਲ ਜਾਣ-ਪਛਾਣ ਕਰਵਾਉਣਾ ਵੀ ਮੰਨੀ ਜਾ ਸਕਦੀ ਹੈ। ਪੰਜਾਬ ਦੇ ਕਬੀਲਿਆਂ ਦੀ ਲੋਕਚਿਕਿਤਸਾ ਬਾਰੇ ਅਧਿਐਨ ਦੇ ਪ੍ਰਸੰਗ ਵਿਚ ਇਕ ਮਹੱਤਵਪੂਰਨ ਸਵਾਲ ਖੜਾ ਹੁੰਦਾ ਹੈ ਜਿਸ ਬਾਰੇ ਪੰਜਾਬੀ ਵਿਚ ਅਜੇ ਸੰਵਾਦ ਪ੍ਰਾਪਤ ਨਹੀਂ ਹੁੰਦਾ। ਇਹ ਮਸਲਾ ਹੈ ਕਿ ਕੀ ਇਨ੍ਹਾਂ ਕਬੀਲਿਆਂ ਦੀ ਚਿਕਿਤਸਾ ਪੱਧਤੀ ਨੂੰ 'ਕਬੀਲਾ ਚਿਕਿਤਸਾ' ਕਿਹਾ ਜਾਵੇਗਾ ਜਾਂ ਫਿਰ ਇਹ 'ਲੋਕ ਚਿਕਿਤਸਾ' ਦੇ ਖੇਤਰ ਵਿਚ ਆਉਣਗੇ। ਇਸਦਾ ਕਾਰਨ ਹੈ ਕਿ ਪੰਜਾਬ ਦੇ ਕਬੀਲੇ ਨਾ ਤਾਂ ਪੂਰੀ ਤਰ੍ਹਾਂ ਕਬੀਲਾਈ ਜੀਵਨ ਬਤੀਤ ਕਰਦੇ ਹਨ ਅਤੇ ਨਾ ਹੀ ਇਹ ਪੂਰੀ ਤਰ੍ਹਾਂ ਸਮਾਜ ਦੀ ਮੁੱਖਧਾਰਾ ਨਾਲ ਜੁੜੇ ਹਨ। ਅਜਿਹੇ ਵਿਚ ਇਨ੍ਹਾਂ ਦੀ ਚਿਕਿਤਸਾ ਨੂੰ ਪਰਿਭਾਸ਼ਿਤ ਕਰਨ ਸਮੇਂ ਸੰਕਲਪੀਕਰਨ ਦਾ ਮਸਲਾ ਮਹੱਤਵਪੂਰਨ ਹੈ ਜਿਸ ਬਾਰੇ ਅਜੇ ਕੋਈ ਚਰਚਾ ਨਹੀਂ ਮਿਲਦੀ।

ਗੁਰਦੇਵ ਸਿੰਘ ਦੁਆਰਾ ਕੀਤੇ ਖੋਜ-ਨਿਬੰਧ 'ਪੰਜਾਬੀ ਲੋਕ ਜੀਵਨ ਵਿਚ ਧਾਰਮਿਕ ਡੇਰਾ ਸਰੂਪ ਅਤੇ ਪ੍ਰਕਾਰਜ' (2013-15 ਪੰਜਾਬੀ ਯੂਨੀਵਰਸਿਟੀ ਪਟਿਆਲਾ), ਵਿਚ ਲੋਕ-ਚਿਕਿਤਸਾ ਬਾਰੇ ਇਕ ਉਪ-ਅਧਿਆਇ ਪ੍ਰਾਪਤ ਹੁੰਦਾ ਹੈ। ਜਿਸ ਵਿਚ ਡੇਰਿਆਂ ਤੋਂ ਲੋਕਾਂ ਤੱਕ ਪਹੁੰਚਣ ਵਾਲੀ ਲੋਕ ਚਿਕਿਤਸਾ ਦਾ ਵਿਸਥਾਰ ਵਿਚ ਅਧਿਐਨ ਪੇਸ਼ ਕੀਤਾ ਗਿਆ ਹੈ। ਡੇਰਿਆਂ ਦੇ ਪ੍ਰਕਾਰਜਾਂ ਬਾਰੇ ਜਾਣੂ ਕਰਵਾਉਂਦਿਆਂ ਲੋਕਚਿਕਿਤਸਾ ਦੀਆਂ ਕਿਸਮਾਂ, ਵਿਧੀਆਂ, ਢੰਗਾਂ ਤਰੀਕਿਆਂ ਆਦਿ ਬਾਰੇ ਵਿਸ਼ੇਸ਼ ਅਧਿਐਨ ਪੇਸ਼ ਕੀਤਾ ਗਿਆ ਹੈ। ਖੋਜਾਰਥੀ ਨੇ ਡੇਰਿਆਂ ਨਾਲ ਜੁੜੀ ਲੋਕਚਿਕਿਤਸਾ ਵਿਚ ਸਾਧਾਂ ਦੁਆਰਾ ਔਰਤਾਂ ਨੂੰ 'ਬੱਚੇ ਲਈ ਫਲ਼ ਪਾਉਣ' ਲਈ ਬਣਾਏ ਵਿਸ਼ੇਸ਼ ਪ੍ਰਾਵਧਾਨ ਦਾ ਜ਼ਿਕਰ ਕੀਤਾ ਹੈ। ਡੇਰਿਆਂ ਦੁਆਰਾ ਜਾਂ ਸਾਧਾਂ ਦੁਆਰਾ ਕੀਤੀ ਜਾਂਦੀ ਪਸ਼ੂ ਚਿਕਿਤਸਾ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। 'ਧੂਣੇ' ਨਾਲ ਜੁੜੀ ਲੋਕਚਿਕਿਤਸਾ ਨੂੰ ਵਿਸਥਾਰ ਵਿਚ ਵਿਚਾਰਿਆ ਗਿਆ ਹੈ। ਇਸਤੋਂ ਇਲਾਵਾ ਹੋਰ ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਡੇਰੇ ਵਲੋਂ ਨਿਭਾਈ ਜਾਂਦੀ ਭੂਮਿਕਾ ਨੂੰ ਵਿਚਾਰਿਆ ਗਿਆ ਹੈ। ਪੰਜਾਬੀ ਵਿਚ ਲੋਕ ਚਿਕਿਤਸਾ ਦੇ ਮਾਮਲੇ ਵਿਚ ਡੇਰੇ ਦਾ ਅਹਿਮ ਰੋਲ ਹੈ।

ਨਵਰੀਤ ਕੌਰ ਦੁਆਰਾ ਕੀਤਾ ਖੋਜ-ਨਿਬੰਧ 'ਲੋਕ ਚਿਕਿਤਸਾ ਦੇ ਮੰਤਰ: ਸਿਧਾਂਤ ਅਤੇ ਸਰੂਪ' (2016) ਪ੍ਰਾਪਤ ਹੁੰਦਾ ਹੈ। ਇਸ ਖੋਜ-ਕਾਰਜ ਵਿਚ ਖੋਜੀ ਨੇ ਖੇਤਰੀ ਖੋਜ-ਕਾਰਜ ਨੂੰ ਤਰਜੀਹ ਦਿੱਤੀ ਹੈ। ਖੋਜੀ ਨੇ 14 ਸਾਧਕਾਂ ਕੋਲੋਂ ਪ੍ਰਾਪਤ 50 ਮੰਤਰਾਂ ਦਾ ਸੰਕਲਨ ਪੇਸ਼ ਕੀਤਾ ਹੈ। ਖੋਜਾਰਥੀ ਨੇ ਲੋਕ ਚਿਕਿਤਸਾ ਦੇ ਮੰਤਰਾਂ ਦਾ

ਅਧਿਐਨ ਕਰਦੇ ਹੋਏ, ਮੰਤਰਾਂ ਨੂੰ ਵਰਤੇ ਜਾਣ ਦੀ ਵਿਧੀ ਅਤੇ ਵੱਖ-ਵੱਖ ਮੰਤਰਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਹੈ। ਇਸ ਖੋਜ-ਕਾਰਜ ਵਿਚ ਮੰਤਰ ਚਿਕਿਤਸਾ ਸਬੰਧੀ ਵਰਤੀਆਂ ਜਾਂਦੀਆਂ ਵੱਖ-ਵੱਖ ਵਿਧੀਆਂ ਦਾ ਵੇਰਵਾ ਦਿੱਤਾ ਹੈ। ਮੰਤਰਾਂ ਨੂੰ ਲੌਕਿਕ ਅਤੇ ਅਲੌਕਿਕ ਦੋ ਵਰਗਾਂ ਵਿਚ ਵੰਡਿਆਂ ਗਿਆ ਹੈ।

ਉਪਰੋਕਤ ਖੋਜ-ਕਾਰਜਾਂ ਨੂੰ ਜੇਕਰ ਸਮੁੱਚ ਵਿਚ ਦੇਖਿਆਂ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕਚਿਕਿਤਸਾ ਦੇ ਖੇਤਰ ਵਿਚ ਹਾਲੇ ਹੋਰ ਗੰਭੀਰਤਾ ਨਾਲ ਕੰਮ ਕਰਨ ਦੀ ਲੋੜ ਹੈ। ਲੋਕਚਿਕਿਤਸਾ ਅਧਿਐਨ ਵਿਚ ਖੇਤਰੀ ਕਾਰਜ ਵਜੋਂ ਕਾਫੀ ਚੰਗਾ ਕੰਮ ਹੋਇਆ ਪਰ ਇਸ ਵਿਚ ਹੋਰ ਵੀ ਬਹੁਤ ਸਾਰੀਆਂ ਸੰਭਾਵਨਾਵਾਂ ਬਾਕੀ ਹਨ। ਲੋਕ ਚਿਕਿਤਸਾ ਅਧਿਐਨ ਵਿਚ ਸਿਧਾਂਤਕ ਪਰਪੱਕਤਾ ਦੀ ਹੋਰ ਜਰੂਰਤ ਹੈ। ਲੋਕਚਿਕਿਤਸਾ ਅਧਿਐਨ ਵਿਚ ਡਾ. ਗੁਰਮੀਤ ਸਿੰਘ ਦੁਆਰਾ ਆਪਣੇ ਖੋਜ-ਕਾਰਜ ਵਿਚ ਪੇਸ਼ ਕੀਤੀਆਂ ਧਾਰਨਾਵਾਂ ਅਤੇ ਮਾਡਲ ਦਾ ਬਾਅਦ ਦੇ ਖੋਜ-ਕਾਰਜਾਂ ਵਿਚ ਕਾਫ਼ੀ ਦੁਹਰਾਅ ਦੇਖਣ ਨੂੰ ਮਿਲਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਲੋਕਚਿਕਿਤਸਾ ਸਬੰਧੀ ਹੋਏ ਕਾਰਜਾਂ ਦਾ ਮਾਡਲ ਡਾ. ਗੁਰਮੀਤ ਸਿੰਘ ਦੇ ਖੋਜ-ਕਾਰਜ ਤੋਂ ਕਾਫ਼ੀ ਪ੍ਰਭਾਵਿਤ ਹੈ। ਪੰਜਾਬੀ ਵਿਚ ਲੋਕਚਿਕਿਤਸਾ ਸਬੰਧੀ ਹੋਏ ਖੋਜ-ਕਾਰਜਾਂ ਦੇ ਖੇਤਰ ਅਤੇ ਖੇਤਰੀ ਖੋਜ-ਕਾਰਜ ਵਿਚ ਕਾਫ਼ੀ ਵਿਭਿੰਨਤਾ ਹੈ। ਲੋਕਧਾਰਾ ਅਤੇ ਲੋਕਚਿਕਿਤਸਾ ਦੋਵਾਂ ਦੇ ਪੱਖ ਤੋਂ ਇਹ ਆਪਣੇ ਆਪ ਵਿਚ ਮਹੱਤਵਪੂਰਨ ਅਤੇ ਪ੍ਰਾਪਤੀ ਵਾਲਾ ਪੱਖ ਹੈ। ਇਹ ਵੀ ਮਹੱਤਵਪੂਰਨ ਹੈ ਕਿ ਪੰਜਾਬੀ ਵਿਚ ਲੋਕਚਿਕਿਤਸਾ ਬਾਰੇ ਉਪਾਧੀ ਨਿਰਪੇਖ ਦੇ ਮੁਕਾਬਲੇ ਉਪਾਧੀ ਸਾਪੇਖ ਖੋਜ-ਕਾਰਜ ਵੱਧ ਗਿਣਤੀ ਵਿਚ ਪ੍ਰਾਪਤ ਹੁੰਦੇ ਹਨ। ਸਮੁੱਚੇ ਪੰਜਾਬ ਦੀ ਚਿਕਿਤਸਾ ਬਾਰੇ ਅਜੇ ਹੋਰ ਵਧੇਰੇ ਗੰਭੀਰ ਅਧਿਐਨ ਤੇ ਵਿਸ਼ਲੇਸ਼ਣ ਕਰਨ ਦੀ ਜਰੂਰਤ ਹੈ ਤਾਂ ਕਿ ਇਸ ਦੀਆਂ ਵੱਖ-ਵੱਖ ਪਰਤਾਂ ਨੂੰ ਪਛਾਣਿਆ ਜਾ ਸਕੇ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਅਧਿਐਨ ਅੰਦਰ ਸਾਧਾਰਨ ਸ਼ਬਦਾਂ ਵਿਚ ਲੋਕਚਿਕਿਤਸਾ ਤੋਂ ਭਾਵ ਉਹ ਪਰੰਪਰਕ ਢੰਗਾਂ ਤੇ ਨੁਸਖਿਆਂ ਤੋਂ ਲਿਆ ਜਾਂਦਾ ਹੈ ਜਿਨ੍ਹਾਂ ਵਿਚ ਮਨੁੱਖ ਸਮੇਤ ਪਸ਼ੂ-ਪੰਛੀਆਂ ਅਤੇ ਜਾਨਵਰਾਂ ਨੂੰ ਹੋਣ ਵਾਲੀਆਂ ਤਮਾਮ ਕਿਸਮ ਦੀਆਂ ਬਿਮਾਰੀਆਂ ਤੋਂ ਨਿਜ਼ਾਤ ਪਾਉਣ ਲਈ ਦੇਸੀ ਇਲਾਜ ਪ੍ਰਣਾਲੀਆਂ ਦਾ ਪ੍ਰਚਲਨ ਮਿਲਦਾ ਹੈ। ਇੱਥੇ 'ਦੇਸੀ ਇਲਾਜ ਪ੍ਰਣਾਲੀਆਂ' ਅਧੀਨ ਪਹਿਲੀ ਨਜ਼ਰੇ ਪ੍ਰਤੀਤ ਹੁੰਦਾ ਹੈ ਕਿ ਇਹ ਇਲਾਜ ਦਾ ਕੋਈ ਵਿਸ਼ੇਸ਼ ਪਰੰਪਰਕ ਤਰੀਕਾ ਹੈ ਭਾਵ ਇਕ ਢੰਗ ਹੈ। ਪਰੰਤੂ ਲੋਕਚਿਕਿਤਸਾ ਦੇ ਸਮੁੱਚੇ ਵਿਧੀ-ਵਿਧਾਨ ਨੂੰ ਧਿਆਨ ਪੂਰਵਕ ਦੇਖਿਆਂ ਪਤਾ ਲੱਗਦਾ ਹੈ ਕਿ ਇਸ ਦੇ ਬਹੁਤ ਸਾਰੇ ਢੰਗ, ਪ੍ਰਣਾਲੀਆਂ ਤੇ ਪੱਧਤੀਆਂ ਹਨ ਜਿਹੜੇ ਕਿ ਇਕ ਦੂਜੇ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਕਈ ਵਾਰ ਪੂਰੀ ਤਰ੍ਹਾਂ ਸੁਤੰਤਰ ਵਜੂਦ ਰੱਖਦੇ ਹਨ। ਇਨ੍ਹਾਂ ਵਿਚ ਜੜ੍ਹੀ-ਬੂਟੀਆਂ ਦੁਆਰਾ ਇਲਾਜ, ਜਾਦੂ ਚਿਕਿਤਸਾ ਭਾਵ ਜੰਤਰ-ਤੰਤਰ-ਮੰਤਰ ਨਾਲ ਇਲਾਜ, ਖਣਿਜ ਪਦਾਰਥਾਂ ਦੁਆਰਾ ਇਲਾਜ ਅਤੇ ਇਸਤੋਂ ਇਲਾਵਾ ਲੋਕ ਧਰਮ ਤੇ ਵਿਸ਼ਿਸ਼ਟ ਧਰਮ ਦੇ ਕਰਮਕਾਂਡ ਦੁਆਰਾ ਇਲਾਜ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਇਨ੍ਹਾਂ ਵੇਰਵਿਆਂ ਤੋਂ ਅੰਦਾਜ਼ਾ ਹੁੰਦਾ ਹੈ ਕਿ ਆਧੁਨਿਕ ਇਲਾਜ ਢੰਗਾਂ ਵਾਂਗ ਲੋਕਚਿਕਤਿਸਾ ਅੰਦਰ ਵੀ ਵੱਖ-ਵੱਖ ਕਿਸਮ ਦੀਆਂ ਬਿਮਾਰੀਆਂ ਦੇ ਇਲਾਜ ਲਈ ਵੱਖ-ਵੱਖ ਢੰਗ ਵਰਤੇ ਜਾਂਦੇ ਹਨ। ਇੰਨਾ ਹੀ ਨਹੀਂ ਲੋਕਚਿਕਿਤਸਾ ਵਿਚ ਨਾ ਕੇਵਲ ਵੱਖ-ਵੱਖ ਢੰਗ ਸਗੋਂ ਵੱਖ-ਵੱਖ ਪ੍ਰਕਾਰ ਦੀ ਸਮੱਗਰੀ ਅਤੇ ਵਿਸ਼ੇਸ਼ ਪ੍ਰਕਾਰ ਦੇ ਮਾਹੌਲ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸੇ ਕਾਰਨ ਇਹ ਚਿਕਿਤਸਾ ਪੱਧਤੀ ਕਈ ਵਾਰ ਇਲਾਜ਼ ਕਰਨ ਵਿਚ ਕਾਰਗਰ ਭਾਵ ਸਫ਼ਲ ਵੀ ਹੁੰਦੀ ਹੈ। ਹਾਲਾਂਕਿ ਆਧੁਨਿਕ ਕਾਲ ਵਿਚ ਇਕ ਸਮੇਂ ਤੱਕ ਲੋਕਚਿਕਿਤਸਾ ਨੂੰ ਕੇਵਲ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਅਨਪੜ੍ਹ ਤੱਕ ਸੀਮਤ ਕਰਕੇ ਤਿਰਸਕਾਰਿਆ ਅਤੇ ਛੁਟਿਆਇਆ ਜਾਂਦਾ ਸੀ। ਲੇਕਿਨ ਲੋਕਚਿਕਿਤਸਾ ਦੇ ਸੰਦਰਭ ਵਿਚ ਹੋਈਆਂ ਨਵੀਆਂ ਖੋਜਾਂ ਪ੍ਰਮਾਣਤ ਕਰਦੀਆਂ ਹਨ ਕਿ ਇਸ ਵਿਚ ਕਿਸੇ ਲੋਕ-ਸਮੂਹ ਦੀ ਸਥਾਨਕ ਬਿਮਾਰੀਆਂ ਬਾਰੇ ਸਮਝ ਦੇ ਨਾਲ-ਨਾਲ ਉਨ੍ਹਾਂ ਦੇ ਸਥਾਨਕ ਇਲਾਜ ਬਾਰੇ ਅਨੁਭਵ ਆਧਾਰਿਤ ਪੈਦਾ ਹੋਈ ਸਮਝ ਸ਼ਾਮਿਲ ਹੁੰਦੀ ਹੈ। ਇਸ ਲਈ ਲੋਕਚਿਕਿਤਸਾ ਨੂੰ ਸਮੁੱਚੇ ਰੂਪ ਵਿਚ ਰੱਦਣਾ ਕਿਸੇ ਤਰ੍ਹਾਂ ਵੀ ਸਹੀ ਨਹੀਂ ਹੈ। ਇਹ ਸੰਭਵ ਹੈ ਕਿ ਵਰਤਮਾਨ ਸਮੇਂ ਦੀਆਂ ਬਿਮਾਰੀਆਂ ਦਾ ਇਲਾਜ ਲੋਕਚਿਕਿਤਸਾ ਕੋਲ ਨਾ ਹੋਵੇ ਲੇਕਿਨ ਇਹ ਕੋਈ ਬੇਅਰਥ ਜਾਂ ਬੇਮਾਇਨੇ ਵਰਤਾਰਾ ਨਹੀਂ ਹੈ। ਪੰਜਾਬੀ ਲੋਕਧਾਰਾ ਦਾ ਅਧਿਐਨ ਦਰਸਾਉਂਦਾ ਹੈ ਕਿ ਆਮ ਕਰਕੇ ਸਥਾਨਕ ਬਿਮਾਰੀਆਂ ਜਿਵੇਂ ਬੁਖਾਰ, ਜੁਕਾਮ, ਖੰਘ, ਪੇਟ ਅਤੇ ਸਿਰ ਦਰਦ ਆਦਿ ਦਾ ਲੋਕਚਿਕਿਤਸਾ ਕੋਲ ਸੰਤੁਸ਼ਟੀਜਨਕ ਇਲਾਜ ਹੈ। ਇਸਦੇ ਉਲਟ ਸੰਭਵ ਹੈ ਕਿ ਸਮਕਾਲ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਕੇਵਲ ਲੋਕਚਿਕਿਤਸਾ ਨਾਲ ਨਿਯੰਤ੍ਰਿਤ ਨਾ ਕੀਤਾ ਜਾ ਸਕੇ। ਇਸਦਾ ਅਰਥ ਇਹ ਲਿਆ ਜਾ ਸਕਦਾ ਹੈ ਕਿ ਲੋਕਚਿਕਿਤਸਾ

ਸਥਾਨਕ ਸੰਕਰਮਣ ਤੋਂ ਰੋਕਥਾਮ ਕਰ ਸਕਦੀ ਹੈ ਲੇਕਿਨ ਬਾਹਰੋਂ ਆਈਆਂ ਬਿਮਾਰੀਆਂ ਦਾ ਇਲਾਜ ਇਸ ਅਧੀਨ ਅਸੰਭਵ ਵੀ ਹੋ ਸਕਦਾ ਹੈ। ਹਾਲਾਂਕਿ ਲੋਕਚਿਕਿਤਸਾ ਦੇ ਇਸ ਪੱਖ ਨੂੰ ਵਿਸਤ੍ਰਿਤ ਰੂਪ ਵਿਚ ਅਜੇ ਪੰਜਾਬੀ ਲੋਕਧਾਰਾ ਅਧਿਐਨ ਦਾ ਹਿੱਸਾ ਨਹੀਂ ਬਣਾਇਆ ਗਿਆ ਲੇਕਿਨ ਫਿਰ ਵੀ ਇਨ੍ਹਾਂ ਸਾਰੇ ਵੇਰਵਿਆਂ ਤੋਂ ਸਪੱਸ਼ਟ ਹੈ ਕਿ ਲੋਕਚਿਕਿਤਸਾ ਨੂੰ ਸਮਝਣ ਅਤੇ ਡੀਕੋਡ ਕਰਨ ਦਾ ਕੰਮ ਆਸਾਨ ਨਹੀਂ ਹੈ। ਇਨ੍ਹਾਂ ਵੇਰਵਿਆਂ ਦੀ ਰੌਸ਼ਨੀ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਲੋਕਚਿਕਿਤਸਾ ਦੇ ਅਧਿਐਨ ਲਈ ਅਧਿਐਨ ਦੇ ਸੰਦ-ਸਾਧਨ, ਪਹੁੰਚਾਂ ਅਤੇ ਵਿਧੀਆਂ ਵਿਚ ਵਿਭਿੰਨਤਾ ਹੋਣੀ ਲਾਜ਼ਮੀ ਹੈ।

ਲੋਕਚਿਕਿਤਸਾ ਦਾ ਇਕ ਮਹੱਤਵਪੂਰਨ ਨਿੱਖੜਵਾਂ ਲੱਛਣ ਹੈ ਕਿ ਇਹ ਇਲਾਜ ਪ੍ਰਣਾਲੀ ਸਿੱਧੇ-ਅਸਿੱਧੇ ਰੂਪ ਵਿਚ ਹਮੇਸ਼ਾ ਅਧਿਐਨ ਅਧੀਨ ਲੋਕ ਸਮੂਹ ਨੂੰ ਦਰਪੇਸ਼ ਭੂਗੋਲਿਕ ਹਾਲਤਾਂ 'ਤੇ ਨਿਰਭਰ ਕਰਦੀ ਹੈ। ਸੰਖੇਪ ਵਿਚ ਕਿਸੇ ਲੋਕ-ਸਮੂਹ ਨੂੰ ਪ੍ਰਾਪਤ ਬਨਸਪਤੀ, ਜਲਵਾਯੂ, ਮੌਸਮ, ਕੁਦਰਤੀ ਸਥਿਤੀਆਂ ਆਦਿ ਦੇ ਨਾਲ-ਨਾਲ ਉਸਦੇ ਲੋਕਾਂ ਦਾ ਰਹਿਣ-ਸਹਿਣ, ਖਾਣ-ਪੀਣ, ਸਮਾਜਕ ਢਾਂਚਾ, ਆਰਥਿਕਤਾ ਅਤੇ ਗਿਆਨ ਦਾ ਪੱਧਰ ਆਦਿ ਅਨੇਕ ਕਾਰਕ ਲੋਕਚਿਕਿਤਸਾ ਦੀ ਪ੍ਰਕਿਰਤੀ ਅਤੇ ਮਹੱਤਵ ਨੂੰ ਤੈਅ ਕਰਨ ਵਿਚ ਵਿਸ਼ੇਸ਼ ਰੋਲ ਅਦਾ ਕਰਦੇ ਹਨ। ਜੇਕਰ ਪੰਜਾਬ ਦੇ ਵਿਸ਼ੇਸ਼ ਸੰਦਰਭ ਵਿਚ ਦੇਖਿਆ ਜਾਵੇ ਤਾਂ ਲੋਕ ਚਿਕਿਤਸਾ ਵਿਰਾਸਤ ਨਾਲ ਜੁੜਿਆ ਹੋਇਆ ਗਤੀਸ਼ੀਲ ਇਲਾਜ ਪ੍ਰਬੰਧ ਹੈ। ਪੰਜਾਬੀ ਲੋਕਜੀਵਨ ਵਿਚ ਵਰਤਮਾਨ ਸਮੇਂ ਇਸਦੀ ਮਹੱਤਤਾ ਦਾ ਇਕ ਅਹਿਮ ਪਹਿਲੂ 'ਸਸਤਾ ਅਤੇ ਪਹੁੰਚਯੋਗ ਇਲਾਜ' ਵੀ ਹੈ। ਇਸਦਾ ਕਾਰਨ ਸਪੱਸ਼ਟ ਹੈ ਕਿ ਅੱਜ ਪੰਜਾਬ ਵਿਚ ਐਲੋਪੈਥੀ ਬਹੁਤ ਮਹਿੰਗੀ ਹੋ ਚੁੱਕੀ ਹੈ। ਐਲੋਪੈਥੀ ਆਮ ਲੋਕਾਂ ਅਤੇ ਵਿਸ਼ੇਸ਼ ਕਰਕੇ ਸਮਾਜ ਦੇ ਗ਼ਰੀਬ ਤਬਕੇ ਦੀ ਪਹੁੰਚ ਤੋਂ ਬਾਹਰ ਹੈ। ਇਕ ਸਮੇਂ ਸਾਡੇ ਸਮਾਜ ਲਈ ਚਿਕਿਤਸਾ ਪਰਉਪਕਾਰ ਦਾ ਕੰਮ ਸੀ, ਇਸ ਪਿੱਛੇ ਲੋਕ ਸੇਵਾ ਦਾ ਸੰਕਲਪ ਕੰਮ ਕਰਦਾ ਸੀ ਪਰੰਤੂ ਮੌਜੂਦਾ ਸਮੇਂ ਵਿਚ ਚਿਕਿਤਸਾ ਸਮਾਜਿਕ ਸਰੋਕਾਰਾਂ ਨਾਲੋ ਤੋੜ-ਵਿਛੋੜਾ ਕਰ ਕੇ ਨਿਰੋਲ ਕਿੱਤਾ ਜਾਂ ਮੁਨਾਫ਼ੇ ਦਾ ਸਾਧਨ ਬਣਦੀ ਜਾ ਰਹੀ ਹੈ। ਅਜਿਹੇ ਵਿਚ ਜਦੋਂ ਭਵਿੱਖ ਸੰਕਟ ਨਾਲ ਘਿਰਿਆ ਹੋਵੇ ਤੇ ਸਮਕਾਲ ਜੱਦੋ-ਜਹਿਦ ਸਨਮੁੱਖ ਹੋਵੇ ਤਾਂ ਸਮਕਾਲ ਅਤੇ ਭਵਿੱਖ ਨੂੰ ਸਹੀ ਦਿਸ਼ਾ ਦੇਣ ਦਾ ਇਕੋ-ਇਕ ਰਾਹ ਇਤਿਹਾਸ ਦਾ ਗੰਭੀਰ, ਸੁਹਿਰਦ ਅਤੇ ਵਿਗਿਆਨਕ ਅਧਿਐਨ ਕਰਨਾ ਲਾਜ਼ਮੀ ਹੋ ਜਾਂਦਾ ਹੈ। ਇਸ ਸਮੁੱਚੇ ਪ੍ਰਸੰਗ ਦੇ ਅਧੀਨ ਪੰਜਾਬ ਦੀ ਲੋਕਚਿਕਿਤਸਾ ਨੂੰ ਜੇਕਰ ਇਤਿਹਾਸਕ ਪਰਿਪੇਖ ਵਿਚ ਵਿਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪੰਜਾਬ ਵਿਚ ਇਲਾਜ ਦਾ ਇਹ ਤਰੀਕਾ ਕਾਫ਼ੀ ਪੁਰਾਣਾ ਹੈ। ਲੇਕਿਨ ਇਸ ਤਰੀਕੇ ਵਿਚ ਵੀ ਅੱਗੇ ਦੋ ਤਰ੍ਹਾਂ ਦੀਆਂ ਵਿਧੀਆਂ ਪ੍ਰਚੱਲਿਤ ਹਨ। ਇਨ੍ਹਾਂ ਵਿਚੋਂ ਇਕ ਵਿਧੀ ਰਿਸ਼ੀਆਂ, ਸਿਆਣਿਆਂ, ਮਾਂਦਰੀਆਂ, ਤਾਂਤਰਿਕਾਂ, ਵੈਦਾਂ, ਸਾਧਾਂ-ਸੰਤਾਂ-ਮਹੰਤਾਂ ਤੇ ਡੇਰੇਦਾਰਾਂ ਦੁਆਰਾ ਇਲਾਜ ਦੀ ਵਿਧੀ ਹੈ। ਇਹ ਵਿਧੀ ਇਕ ਤਰ੍ਹਾਂ ਵਿਸ਼ੇਸ਼ੱਗਾਂ ਦੀ ਵਿਧੀ ਹੈ ਕਿਉਂਕਿ ਇਹ ਸਾਰੇ ਲੋਕ ਆਯੁਰਵੇਦ ਆਦਿ ਇਲਾਜ ਪੱਧਤੀਆਂ ਦੇ ਅਧੀਨ ਰੋਗਾਂ ਦੇ ਇਲਾਜ ਲਈ ਸੁਚੇਤ ਤੌਰ 'ਤੇ ਨਵੀਂਆਂ ਖੋਜਾਂ ਕਰਨ ਦਾ ਕੰਮ ਕਰਦੇ ਸਨ। ਇਹ ਇਨ੍ਹਾਂ ਦੀ ਸਮਾਜਕ ਜ਼ਿੰਮੇਵਾਰੀ ਸੀ ਕਿ ਇਹ ਗ੍ਰੰਥਾਂ ਦੇ ਅਧਿਐਨ ਅਤੇ ਅਨੁਭਵ ਵਿਚੋਂ ਨਵੀਂਆਂ ਬਿਮਾਰੀਆਂ ਦਾ ਇਲਾਜ ਲੱਭਣ ਵਿਚ ਸਹਾਇਤਾ ਕਰਨ। ਹਾਲਾਂਕਿ ਅੱਜਕੱਲ੍ਹ ਇਹ ਸਾਰੇ ਸਾਧ/ਸੰਤ ਲੋਕਚਿਕਿਤਸਾ ਦੇ ਪ੍ਰਸੰਗ ਵਿਚ ਸਭ ਤੋਂ ਵੱਧ ਬਦਨਾਮ ਹਨ। ਇਹ ਗੱਲ ਵੀ ਅਧਿਐਨ ਦੀ ਮੰਗ ਕਰਦੀ ਹੈ ਕਿ ਮੰਡੀ ਨੇ ਸਾਧਾਂ ਨੂੰ ਮੁਨਾਫ਼ਾਖੋਰ ਬਣਾ ਦਿੱਤਾ ਜਾਂ ਮੁਨਾਫ਼ਾਖੋਰ ਹੀ ਸਾਧ ਬਣ ਗਏ। ਇਨ੍ਹਾਂ ਤੋਂ ਇਲਾਵਾ ਦੂਜੀ ਕਿਸਮ ਆਮ ਲੋਕਾਂ ਰਾਹੀਂ ਹੋਣ ਵਾਲੇ ਇਲਾਜ ਦੀ ਹੈ। ਇਸਦਾ ਸਪੱਸ਼ਟ ਅਰਥ ਹੈ ਕਿ ਸਧਾਰਨ ਲੋਕਾਂ ਨੇ ਆਪਣੇ ਤਜ਼ਰਬਿਆਂ ਤੇ ਜੀਵਨ ਅਨੁਭਵ ਵਿਚੋਂ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਬਹੁਤ ਸਾਰੇ ਨੁਸਖੇ ਤੈਅ ਕੀਤੇ ਹਨ ਜੋ ਪੀੜ੍ਹੀ ਦਰ ਪੀੜ੍ਹੀ ਸੰਚਾਰਿਤ ਹੁੰਦੇ ਰਹੇ ਹਨ। ਆਮ ਲੋਕਾਂ ਲਈ ਲੋਕਚਿਕਿਤਸਾ ਦਾ ਮਾਡਲ 'ਲਗਾਤਾਰ ਕੀਤੇ ਜਾਣ ਵਾਲੇ ਪ੍ਰਯੋਗਾਂ' ਦਾ ਮਾਡਲ ਹੈ। ਇਸ ਮਾਡਲ ਦੀ ਮੁੱਖ ਵਿਸ਼ੇਸ਼ਤਾ ਹੈ ਕਿ ਇਸ ਵਿਚ ਕਿਸੇ ਪ੍ਰਯੋਗ ਦੀ ਸਫਲਤਾ-ਅਸਫਲਤਾ ਤੋਂ ਪਾਰ 'ਪ੍ਰਯੋਗ' ਸਭ ਤੋਂ ਮਹੱਤਵਪੂਰਨ ਹੈ ਕਿਉਂਕ ਕਿਸੇ ਪ੍ਰਯੋਗ ਵਿਚ ਸਫਲ ਹੋਣ ਤੋਂ ਬਾਅਦ ਵੀ ਲੋਕ 'ਪ੍ਰਯੋਗ' ਕਰਨਾ ਨਹੀਂ ਛੱਡਦੇ। ਉਹ ਇਲਾਜ ਦੇ ਹੋਰ ਵਧੇਰੇ 'ਬਦਲ' ਪ੍ਰਾਪਤ ਕਰਨ ਲਈ ਲਗਾਤਾਰ ਪ੍ਰਯੋਗ ਕਰਦੇ ਰਹਿੰਦੇ ਹਨ। ਇੰਨਾ ਹੀ ਨਹੀਂ ਕਿਸੇ ਨੁਸਖੇ ਦੇ ਪਤਾ ਲੱਗਣ ਉਪਰੰਤ ਉਸ ਨੂੰ ਬਦਲਵੇਂ ਜਾਂ ਉਸੇ ਰੂਪ ਵਿਚ ਕਿਸੇ ਹੋਰ ਇਲਾਜ ਲਈ ਵਰਤਣ ਦੇ ਕੀਤੇ ਜਾਂਦੇ ਪ੍ਰਯੋਗ ਲੋਕਾਂ ਵੱਲੋਂ ਆਮ ਹੀ ਕੀਤੇ ਜਾਂਦੇ ਹਨ। ਇਸ ਤਰ੍ਹਾਂ ਲੋਕਚਿਕਿਤਸਾ ਦਾ ਅਭਿਆਸ ਨਿਰੰਤਰ ਚੱਲਦਾ ਰਹਿੰਦਾ ਹੈ ਅਤੇ ਇਲਾਜ ਦੇ ਸਬੰਧ ਵਿਚ ਨਵਾਂ ਗਿਆਨ ਲੋਕ-ਚੇਤਨਾ ਦਾ ਹਿੱਸਾ ਬਣਦਾ ਰਹਿੰਦਾ ਹੈ। ਸੰਖੇਪ ਵਿਚ ਇਹ ਜਨ-ਸਾਧਾਰਨ ਦਾ ਵਿਗਿਆਨ ਹੈ ਜਿਹੜਾ ਉਨ੍ਹਾਂ ਨੇ ਆਪਣੇ ਅਨੁਭਵ

ਵਿਚੋਂ ਸਥਾਪਿਤ ਕੀਤਾ ਹੈ। ਇਸ ਵਿਚ ਕੁਝ ਵਿਸ਼ੇਸ਼ ਵਿਅਕਤੀ ਅਤੇ ਸੰਸਥਾਵਾਂ ਇਕੋ ਸਮੇਂ ਇਕੋ ਜਿੰਨੀ ਮਹੱਤਤਾ ਨਾਲ ਕਾਰਜਸ਼ੀਲ ਰਹਿੰਦੀਆਂ ਹਨ ਜਿਵੇਂ ਕਿ ਆਮ ਲੋਕ, ਸੁਆਣੀਆਂ, ਸਿਆਣੇ, ਮਾਂਦਰੀ, ਤਾਂਤਰਿਕ, ਵੈਦ, ਸਾਧ ਤੇ ਸਾਧ ਸੰਪ੍ਰਦਾਵਾਂ ਅਤੇ ਕੁਝ ਖ਼ਾਸ ਸਥਾਨ ਆਦਿ। ਇਸ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬੀ ਲੋਕਚਿਕਿਤਸਾ ਦਾ ਪ੍ਰਬੰਧ ਮੁੱਖ ਤੌਰ 'ਤੇ 'ਸਥਾਨਕਤਾ ਅਤੇ ਸਮੂਹਿਕਤਾ' ਦੇ ਦੋ ਤੱਤਾਂ ਉੱਪਰ ਆਧਾਰਿਤ ਹੈ। ਇਹ ਦੋਵੇਂ ਪੰਜਾਬੀ ਲੋਕਚਿਕਿਤਸਾ ਦੇ ਕੇਂਦਰੀ ਤੱਤ ਹਨ ਜਿਨ੍ਹਾਂ ਉੱਪਰ ਪੰਜਾਬੀ ਲੋਕਚਿਕਿਤਸਾ ਦਾ ਸਮੁੱਚਾ ਪ੍ਰਬੰਧ ਉੱਸਰਿਆ ਹੋਇਆ ਹੈ।

**ਹਵਾਲੇ :**


1. ਡਾ. ਕਰਨੈਲ ਸਿੰਘ ਥਿੰਦ, **ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ**, ਕਸਤੂਰੀ ਲਾਲ ਅੰਮ੍ਰਿਤਸਰ, 1973, ਪੰਨਾ 223.
2. ਡਾ. ਗਿਆਨ ਸਿੰਘ, ਲੋਕ ਦੁਆ ਦਾਰੂ, **'ਪਰੰਪਰਾ'**, ਸੋਹਿੰਦਰ ਸਿੰਘ ਬਣਜਾਰਾ ਬੇਦੀ (ਸੰਪਾ.), ਅਕਤੂਬਰ-ਦਸੰਬਰ, 1979, ਪੰਨਾ 456.
3. ਡਾ. ਗਿਆਨ ਸਿੰਘ, ਲੋਕ ਦੁਆ ਦਾਰੂ, **'ਪਰੰਪਰਾ'** ਸੋਹਿੰਦਰ ਸਿੰਘ ਬਣਜਾਰਾ ਬੇਦੀ (ਸੰਪਾ.), ਅਕਤੂਬਰ-ਦਸੰਬਰ, 1979, ਪੰਨਾ 457.
4. ਡਾ. ਗਿਆਨ ਸਿੰਘ, **ਉਹੀ**, ਪੰਨਾ 458.
5. ਡਾ. ਨਾਹਰ ਸਿੰਘ, **'ਲੋਕ ਕਾਵਿ ਦੀ ਸਿਰਜਨ-ਪ੍ਰਕਿਰਿਆ'** (ਮਲਵਈ ਲੋਕ-ਕਾਵਿ ਰੂਪਾਂ ਦੇ ਸੰਦਰਭ ਵਿਚ), ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1983, ਪੰਨਾ 28.
6. ਡਾ. ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1985 ਪੰਨਾ 16.
7. ਡਾ. ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, 1985, ਪੰਨਾ 16.
8. ਗੁਰਦੇਵ ਸਿੰਘ, **ਅਘੋਰੀ ਸਾਧ: ਸਾਧ ਸਭਿਆਚਾਰ ਵਿਚ ਹਾਸ਼ੀਆਕ੍ਰਿਤ ਸੰਪਰਦਾਇ**, ਪੰਜਾਬੀ ਯੂਨੀਵਰਸਿਟੀ ਪਟਿਆਲਾ, (ਅਣਪ੍ਰਕਾਸ਼ਿਤ ਖੋਜ ਪੱਤਰ 2020).
9. ਡਾ. ਭੁਪਿੰਦਰ ਸਿੰਘ 'ਖਹਿਰਾ', **ਲੋਕਯਾਨ: ਭਾਸ਼ਾ ਅਤੇ ਸਭਿਆਚਾਰ**, ਪੈਪਸੂ ਬੁੱਕ ਡਿਪੂ ਪਟਿਆਲਾ, 1986, ਪੰਨਾ 102.
10. ਪ੍ਰੋ. ਜੀਤ ਸਿੰਘ ਜੋਸ਼ੀ, **ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ**, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2009, ਪੰਨਾ 131.


◈